*ਸੰਪਾਦਕੀ*

# ਬਦਲ ਗਿਐ ਪੰਜਾਬੀ ਸੁਭਾਅ

ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਰਿਹਾ ਹੈ। ਪੰਜਾਬੀਆਂ ਦੇ ਸੁਭਾਅ ਦੀ ਤਾਰੀਫ਼ ਕਰਦਿਆਂ ਚਿਹਰੇ 'ਤੇ ਮੁਸਕਾਨ ਆ ਜਾਂਦੀ ਸੀ ਅਤੇ ਆਮ ਹੀ ਸੁਣਿਆ ਜਾਂਦਾ ਸੀ-ਪੰਜਾਬੀਆਂ ਦੇ ਦਿਲ ਤਾਂ ਦਰਿਆ ਹਨ । ਕਿਸੇ ਰਾਹੀ ਨੂੰ ਆਪਣੀ ਮੰਜ਼ਿਲ ਤੇ ਪਹੁੰਚਣ ਤੋਂ ਪਹਿਲਾਂ ਰਾਤ ਪੈ ਜਾਣੀ ਤਾਂ ਪੰਜਾਬੀ ਉਸ ਰਾਹੀ ਲਈ ਆਪਣੇ ਘਰ ਦੇ ਦਰਵਾਜੇ ਖੋਹਲ ਦਿੰਦੇ ਅਤੇ ਮਹਿਮਾਨ ਨਿਵਾਜ਼ੀ ਕਰਦੇ ਰਾਹੀਆਂ ਦੇ ਦਿਲ ਜਿੱਤ ਲੈਂਦੇ।

ਪੰਜਾਬੀਆਂ ਨੇ ਗੁਰੂ ਨਾਨਕ ਸਾਹਿਬ ਦੇ ਇਹ ਬੋਲ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਨੂੰ ਸਮਰਪਿਤ ਹੋ ਕੇ ਚੁਣੌਤੀ ਭਰਪੂਰ ਹਾਲਾਤਾਂ ਵਿੱਚ ਵੀ ਹੱਡ ਭੰਨਵੀਂ ਕਿਰਤ ਕਰਕੇ ਨਵੇਂ ਕੀਰਤੀਮਾਨ ਸਥਾਪਤ ਕੀਤੇ। ਨਾਲ ਦੀ ਨਾਲ ਸਬਰ ਸੰਤੋਖ, ਨਿਮਰਤਾ ਆਦਿ ਨੂੰ ਆਪਣੇ ਸੁਭਾਅ ਦਾ ਹਿੱਸਾ ਬਣਾਈ ਰੱਖਿਆ। ਨਾ ਕਿਸੇ 'ਤੇ ਜ਼ੁਲਮ ਕੀਤਾ ਅਤੇ ਨਾ ਹੀ ਜ਼ੁਲਮ ਸਾਹਵੇਂ ਧੌਣ ਨੀਵੀਂ ਕੀਤੀ। ਪ੍ਰੋ. ਪੂਰਨ ਸਿੰਘ ਨੇ ਪੰਜਾਬੀਆਂ ਦੇ ਸੁਭਾਅ ਦੀ ਸਿਫ਼ਤ ਇੰਜ ਕੀਤੀ :

ਪਿਆਰ ਨਾਲ ਇਹ ਕਰਨ ਗੁਲਾਮੀ
ਪਰ ਟੈਂ ਨਾ ਮੰਨਣ ਕਿਸੇ ਦੀ
ਖਲੋਅ ਜਾਣ ਮੋਢੇ ਤੇ ਡਾਂਗਾਂ ਉਲਾਰਕੇ।

ਅੱਜ ਦੇ ਪੰਜਾਬੀ ਵੇਖ ਲਓ : ਕੋਈ ਦੋ ਬੰਦੇ ਲੜਦੇ ਹੋਣ, ਦਸ ਜਣੇ ਕੋਲ ਖੜ੍ਹੇ ਹੋ ਕੇ ਚੰਗੇ ਦਰਸ਼ਕ ਹਣ ਦਾ ਸਬੂਤ ਦਿੰਦੇ ਹਨ। ਲੜ੍ਹ ਰਹੇ ਦੋ ਬੰਦਿਆਂ ਵਿੱਚੋਂ ਇੱਕ ਦਾ ਖ਼ੂਨ ਵੀ ਹੋ ਜਾਏ ਤਾਂ ਵੀਡੀਓ ਬਣਾਉਣ ਵਾਲੇ ਜ਼ਰਾ ਵੀ ਸੁਸਤੀ ਨਹੀਂ ਵਿਖਾਉਂਦੇ। ਅੱਜ ਤੋਂ ਪੰਦਰਾਂ ਵੀਹ ਸਾਲ ਪਹਿਲਾਂ ਕਿਧਰੇ ਘਟਨਾ ਵਾਪਰ ਜਾਂਦੀ, ਜਿਸ ਵਿੱਚ ਚਾਰ ਪੰਜ ਬੰਦੇ ਇਕ ਦੀ ਕੁੱਟ ਮਾਰ ਕਰਦੇ ਸਨ ਤਾਂ ਨੇੜੇ ਤੇੜੇ ਲੋਕ ਕੁੱਟ ਖਾ ਰਹੇ ਬੰਦੇ ਦਾ ਬਚਾਅ ਕਰ ਦਿੰਦੇ। ਅੱਜ ਦਾ ਪੰਜਾਬੀ ਕਿਉਂ ਡਰਿਆ ਹੋਇਆ ਨਜ਼ਰ ਆਉਂਦਾ ਹੈ ?

ਕੋਈ ਵਕਤ ਸੀ ਜਦ ਪੰਜਾਬੀ ਹਿੱਕ ਵਜਾ ਕੇ ਕਹਿੰਦੇ-ਥੋੜੀ ਖਾ ਲਵਾਂਗਾ ਪਰ ਚੋਰੀ ਨਹੀਂ ਕਰਾਂਗਾ। ਪਰ ਅੱਜ ਦਿਨ ਦੀਵੀਂ ਧੜੱਲੇ ਨਾਲ ਲੁੱਟਾਂ ਖੋਹਾਂ ਹੁੰਦੀਆਂ ਹਨ। ਲੋਕ ਕਹਿੰਦੇ ਹਨ ਕਿ ਸੋਨਾ ਨਾ ਪਾਇਓ, ਜਾਨ ਨਾ ਗਵਾਇਓ। ਭੁਲੇਖੇ ਨਾਲ ਜਾਂ ਲਾਪਰਵਾਹੀ ਕਰਕੇ ਨਵੀਂ ਵਿਆਹੀ ਮੁਟਿਆਰ ਸੋਨੇ ਦੀਆਂ ਵਾਲੀਆਂ ਜਾਂ ਚੈਨੀ ਪਾ ਲਵੇ, ਪਤਾ ਹੀ ਨਹੀਂ ਲਗਦਾ ਕਦ ਮੋਟਰ ਸਾਈਕਲ 'ਤੇ ਸਵਾਰ ਦੋ ਜਣੇ ਆਏ, ਬਿਜਲੀ ਵਾਂਗ ਫੁਰਤੀ ਵਿਖਾ ਕੇ ਝਪਟ ਮਾਰ ਕੇ ਔਹ ਗਏ, ਔਹ ਗਏ ਸੁਣਦੇ ਹਾਂ।



ਮੁਟਿਆਰ ਰੌਲਾ ਪਾਉਂਦੀ ਹੈ ਫੜ੍ਹੋ ਇਹਨਾਂ ਬਦਮਾਸ਼ਾਂ ਨੂੰ। ਪਰ ਫੜੇ ਕੌਣ ? ਵਿਅੰਗ ਕਰਦੇ ਹਨ- ਹੋਰ ਬੰਨ ਲੈ ਮੌਤ ਨੂੰ ਗਲੇ ਨਾਲ। ਕੋਈ ਬੰਦਾ ਮੋਬਾਈਲ ਕੰਨ ਨੂੰ ਲਾ ਕੇ ਗੱਲ ਕਰ ਰਿਹਾ ਹੁੰਦਾ, ਪਤਾ ਹੀ ਨਹੀਂ ਲਗਦਾ ਮੋਬਾਈਲ ਦਾ ਕੰਨ ਨਾਲੋਂ ਲਿੰਕ ਖਤਮ ਅਤੇ ਮੋਬਾਈਲ ਚੋਰ ਹਨ੍ਹੇਰੀ ਹੋ ਜਾਂਦੇ ਹਨ। ਪਹਿਲਾਂ ਕਿਸਾਨ ਦੇ ਪਰਿਵਾਰ ਦੇ ਜੀਅ ਵਾਰੋ ਵਾਰੀ ਖੇਤਾਂ ਵਿੱਚ ਬਣੇ ਕਮਰੇ ਤੇ ਸੌਂ ਜਾਂਦੇ ਸੀ ਕਿ ਮਾਲ ਦੀ ਰਾਖੀ ਕਰਨੀ ਹੈ ਅਤੇ ਮੋਟਰ ਚੋਰੀ ਨਾ ਹੋ ਜਾਵੇ। ਪੰਜਾਬੀਆਂ ਨੇ ਬੀਰਤਾ ਛੱਡ ਕੇ ਡਰ ਦਾ ਪੱਲਾ ਫੜ ਲਿਆ। ਪਹਿਲਾਂ ਕਿਸੇ ਦੇ ਛੇ ਸਤ ਪਸ਼ੂ ਗਏ ਕਿਸੇ ਨਾ ਕਿਸੇ ਮੰਡੀ ਵਿੱਚ। ਫਿਰ ਮੋਟਰਾਂ, ਇੰਜਣ, ਪੱਖੇ ਵੀ ਰਾਤੋ ਰਾਤ ਗਾਇਬ ਹੋ ਗਏ। ਦਿਨ ਵਕਤ ਅੱਖ ਲੱਗ ਗਈ, ਫਰਾਟਾ ਛੱਡ ਕੇ ਘੁਰਾੜੇ ਤੇ ਘੁਰਾੜਾ। ਵਿਹੜੇ ਵਿੱਚ ਲੱਗੀਆਂ ਹੋਈ ਟੂਟੀਆਂ ਗੇਟਵਾਲ ਆਦਿ ਸਭ ਦਾ ਸਫਲ ਉਪਰੇਸ਼ਨ। ਨਵੇਂ ਪੈਦਾ ਹੋ ਗਏ-ਇੰਜੀਨੀਅਰ ਚੋਰ। ਕਹਿੰਦੇ-ਇਹ ਸਾਰਾ ਕਾਰਾ ਡਰੱਗ ਕਰਨ ਵਾਲਿਆਂ ਦਾ ਏ। ਨਸ਼ੇ ਦੀ ਤੋਟ ਆਈ ਤੇ ਨਾਲ ਹੀ ਟੂਟੀਆਂ ਦੀ ਸਫ਼ਾਈ।

ਕਰੋਨਾ ਕਾਲ ਸਮੇਂ ਜਿਹੜਾ ਬੰਦਾ ਮਾੜੀ ਮੋਟੀ ਖੰਘ ਕਰਕੇ ਸ਼ਹਿਰ ਡਾਕਟਰ ਕੋਲ ਜਾਂਦਾ। ਅਗਲੇ ਦਿਨ ਅਲੱਗ ਜਿਹੇ ਕਪੜਿਆਂ 'ਚ ਲਪੇਟੀ ਹੋਈ ਲਾਸ਼ ਘਰ ਆਉਂਦੀ। ਨਾਲ ਆਈ ਟੀਮ ਆਪੇ ਹੀ ਸਸਕਾਰ ਕਰ ਦਿੰਦੀ। ਫਿਰ ਮਾਲਵੇ ਵਾਲਿਆਂ ਅਸਲੀ ਪੰਜਾਬੀ ਹੋਣ ਦਾ ਰੰਗ ਵਿਖਾ ਹੀ ਦਿੱਤਾ। ਡਾਕਟਰਾਂ ਦਾ ਘਿਰਾਓ ਕਰਕੇ 'ਕਰੋਨਾ ਪੀੜਤ' ਵਿਅਕਤੀ ਨੂੰ ਪਿੰਡ ਵਿੱਚ ਹੀ ਇਲਾਜ ਲਈ ਰੱਖਿਆ। ਭਾਵੇਂ ਉਹਨਾਂ ਨੂੰ ਕੋਈ ਡਾਕਟਰਾਂ ਦੀ ਛਿਤਰੌਲ ਵੀ ਕਰਨੀ ਪਈ। ਕੋਈ 'ਕਰੋਨਾ ਪੀੜਤ' ਨਹੀਂ ਮਰਿਆ।

ਪੰਜਾਬੀ ਸੁਭਾਅ ਦੀਆਂ ਹੋਰ ਵੀ ਕਈ ਖ਼ੂਬੀਆਂ/ਖਾਮੀਆਂ ਹਨ, ਫਿਰ ਕਿਤੇ ਜ਼ਿਕਰ ਕੀਤਾ ਜਾਵੇਗਾ। ਪਰ.... ਹਰ ਕੋਈ ਮੰਨਦਾ ਹੈ ਕਿ ਪਹਿਲਾਂ ਵਾਲੀ ਗੱਲ ਨਹੀਂ ਰਹੀ।

**-ਪ੍ਰੋ. ਸਤਵਿੰਦਰ ਬੇਗੋਵਾਲੀਆ**
**ਸੰਪਰਕ 98154-65620**

# ਕਾਵਿ ਸੰਸਾਰ

## ਹਲ.ਵਾਹਕ ਬਾਪ

ਹੱਲ.ਵਾਹਕ ਬਾਪ ਮੇਰਾ ਬੰਦਾ ਬਾਕਮਾਲ ਸੀ
ਕਿਰਤੀ ਸੁਭਾਅ ਅਤੇ ਸਾਧੂਆਂ ਜਿਹੀ ਚਾਲ ਸੀ
ਖੱਦਰ ਦੇ ਝੱਗੇ 'ਚ ਸਿਆਲ ਕੱਢ ਲੈਂਦਾ ਸੀ
ਅੱਧਾ ਕਿੱਲਾ ਕਣਕ ਇਕੋ ਸਾਹੇ ਵੱਢ ਲੈਂਦਾ ਸੀ
ਆਪੇ ਵਾਹੁੰਦਾ ਖੂਹ ਅਤੇ ਆਪੇ ਨੱਕੇ ਮੋੜਦਾ
ਸੀਰ ਤੇ ਸੁਭਾਅ ਪੱਖੋਂ ਬੰਦਾ ਪਹਿਲੀ ਤੋੜ ਦਾ
ਤੰਗਲੀ ਦੇ ਨਾਲ ਢਿੱਡ ਨਾੜ ਦਾ ਫਰੋਲਦਾ
ਵੰਡ ਤੇ ਵੰਡਾਈ ਵੇਲੇ ਤੇਰਾ ਤੇਰਾ ਤੋਲਦਾ
ਗੁੱਸਾ ਜਦੋਂ ਆਉਂਦਾ ਬਹੁਤ ਜ਼ਹਿਰੀ ਵਿੱਸ ਘੋਲਦਾ
ਕਈ ਕਈ ਦਿਨ ਕਿਸੇ ਨਾਲ ? ਨਹੀਂ ਸੀ ਬੋਲਦਾ
ਕੁਤਰ ਕੁਤਰ ਪੱਠੇ ਢੇਰ ਵੱਡਾ ਸਾਰਾ ਲਾਉਂਦਾ ਸੀ
ਹੱਲ ਦੇ ਸਿਆੜ ਵਜ਼ਨ ਬਹਿਰ ਵਿਚ ਵਾਹੁੰਦਾ ਸੀ
ਕਦੇ ਆਡਾਂ ਛਾਂਗਦਾ ਤੇ ਕਦੇ ਡੰਗਰ ਚਾਰਦਾ
ਔੜਾਂ ਤੇ ਮੁਸੀਬਤਾਂ ਤੋਂ ਬਾਪੂ ਨਹੀਂ ਸੀ ਹਾਰਦਾ।

**ਪ੍ਰੋ. ਕੁਲਵੰਤ ਸਿੰਘ ਔਜਲਾ**
97, ਮਾਡਲ ਟਾਊਨ

-o-

## ਤਿੜਕੇ ਘੜੇ ਦਾ ਪਾਣੀ

ਮੈਂ ਹਾਂ ਤਿੜਕੇ ਘੜੇ ਦਾ ਪਾਣੀ
ਤੁਰ-ਖੁਰ ਚੱਲੇ ਪੂਰ ਦਾ ਹਾਣੀ
ਕਲਕਲ-ਕਲਕਲ ਕਰਦਾ ਮੈਂ
ਕੁਦਰਤ ਦੇ ਸੋਹਿਲੇ ਗਾਵਾਂਗਾ
ਵਹਿੰਦੀ ਜਾਂਦੀ ਨਦੀ 'ਚ ਵਹਿ ਕੇ
ਦਰਿਆ, ਸਮੁੰਦਰ ਫਿਰ ਸੂਰਜ ਬਣਕੇ
ਹਨੇਰੇ ਰਾਹ ਰੁਸ਼ਨਾਵਾਂਗਾ

ਸਦਾ ਅਮਰ ਰਹੇ ਮੇਰੀ ਮਾਂ-ਬੋਲੀ
ਇਹ ਸਾਹਿਤ ਸੰਸਾਰ ਆਬਾਦ ਰਹੇ
ਜੁੱਗ-ਜੁੱਗ ਜੀਵੇ ਪੰਜਾਬੀ ਵਿਰਸਾ
ਹਰ ਘਰ ਦੀ ਬੁਲੰਦ ਆਵਾਜ਼ ਰਹੇ
ਕਾਗਜ਼,ਕਲਮ,ਕਿਤਾਬਾਂ ਦੇ ਸੰਗ
ਮੈਂ ਸ਼ਬਦਾਂ ਦੇ ਸ਼ਗਨ ਮਨਾਵਾਂਗਾ
ਰਹਿੰਦੀ ਜਿੰਦੜੀ ਇਸ ਲੇਖੇ ਲਾ ਕੇ
ਮੈਂ ਆਪਣੇ ਫ਼ਰਜ਼ ਨਿਭਾਵਾਂਗਾ

ਪੰਜਾਬੀ ਮਾਂ ਦਾ ਜੰਮਿਆ-ਜਾਇਆ
'ਮਕਸੂਦਪੁਰੀ' ਗੁਰਮੁਖੀ ਸੰਗ ਪਰਨਾਇਆ
ਇਸਦੇ ਮਾਖਿਓਂ ਮਿੱਠੇ ਸ਼ਬਦਾਂ ਦੀ ਲੋਏ
ਜ਼ਿੰਦਗੀ ਦਾ ਸਹਿਜ ਸਫ਼ਰ ਮੁਕਾਵਾਂਗਾ
ਅਣਮੁੱਲੇ ਸਾਹਾਂ ਦੇ ਬਚਦੇ ਸਫ਼ਿਆਂ 'ਤੇ
ਮੈਂ ਅਮਰ ਲੋਕ-ਕਾਵਿ ਲਿਖ ਜਾਵਾਂਗਾ ।

**ਸੁਰਿੰਦਰ ਮਕਸੂਦਪੁਰੀ**
234, ਸੁਦਰਸ਼ਨ ਪਾਰਕ, ਮਕਸੂਦਾਂ , ਜਲੰਧਰ-144002
ਮੋ. 99887-10234

-o-

## ਮੈਂ ਗੁਲਾਬ ਹਾਂ

-ਸੁਖਮਿੰਦਰ ਸੇਖੋਂ

ਖਿੜਿਆ ਜਾਂ ਅੱਧ ਖਿੜਿਆ ਪਰ ਗੁਲਾਬ ਹਾਂ
ਮੁਰਝਾਇਆ ਨਹੀਂ ਹਾਲੇ ਵੀ ਮੈਂ ਪੰਜਾਬ ਹਾਂ ।
ਦੁਸ਼ਮਣ ਤਾਂ ਬਹੁਤ ਨੇ ਮੇਰੀ ਤਕਦੀਰ ਦੇ
ਪੰਛੀ ਹੀ ਦੋਸਤੋ ਮੈਂ ਕੁਝ ਇਸ ਤਰ੍ਹਾਂ ਦਾ ਹਾਂ
ਜ਼ਿੰਦਗੀ ਤੋਂ ਉਪਰਾਮ ਹੋ ਕੇ ਜੋ ਚਲਾ ਗਿਆ
ਉਸ ਸ਼ਖਸ ਦੀ ਮੈਂ ਇੱਕ ਪਹਿਚਾਣ ਹਾਂ ।
ਆਪਣੀ ਹੀ ਅੱਗ ਵਿੱਚ ਜੋ ਸੜਦਾ ਰਿਹਾ
ਜਨਮਾਂ ਤੋਂ ਲਾਚਾਰ ਮੈਂ ਉਹ ਘਰ ਹਾਂ ।
ਯਕੀਨ ਦੀ ਹਵਾ ਚੋਂ ਜੋ ਦੁਰਗੰਧ ਆ ਰਹੀ ਹੈ
ਬਰਬਾਦੀ ਦੇ ਮੌਸਮ ਦਾ ਮੈਂ ਅਗਲਾ ਪਤਾ ਹਾਂ ।
ਖਿੜਿਆ ਜਾਂ ਅੱਧ ਖਿੜਿਆ ਪਰ ਗੁਲਾਬ ਹਾਂ
ਮੁਰਝਾਇਆ ਨਹੀਂ ਹਾਲੇ ਵੀ ਮੈਂ ਪੰਜਾਬ ਹਾਂ ।

ਮੋ. 98145-07693

-o-

## ਬੋਹੜ

ਬੇਸ਼ੱਕ ਮੇਰੀ ਛਾਵੇਂ ਹੁਣ ਕੋਈ ਬਹਿੰਦਾ ਨਹੀਂ
ਅੰਦਰੇ ਅੰਦਰ ਮਰਦਾ ਮੈਂ ਕੁੱਝ ਕਹਿੰਦਾ ਨਹੀਂ
ਮੇਰੀ ਹੋਂਦ ਨੂੰ ਖ਼ਤਰਾ ਰਹਿੰਦਾ ਨਿੱਤ ਭਾਸਦਾ
ਕਦੇ ਚਹੇਤਾ ਹੁੰਦਾ ਸੀ ਮੈਂ ਆਮ ਖ਼ਾਸ ਦਾ
ਮੇਰੇ ਥੱਲੇ ਕਈ ਫ਼ੈਸਲੇ ਹੋਏ ਨੇ
ਮੇਰੀ ਛਾਵੇਂ ਲੋਕੀਂ ਹੱਸੇ ਰੋਏ ਨੇ
ਮੇਰੇ ਥੱਲੇ ਪੱਤਾ ਚਲਦਾ ਸੀ ਤਾਸ਼ ਦਾ
ਕਦੇ ਚਹੇਤਾ ਹੁੰਦਾ ਸੀ ਮੈਂ ਆਮ ਖ਼ਾਸ ਦਾ
ਜੰਝਾਂ ਚੜ੍ਹੀਆਂ,ਢੁੱਕੀਆਂ ਅੱਖੀਂ ਤੱਕੀਆਂ ਮੈਂ
ਯਾਦਾਂ ਸੀਨੇ ਵਿੱਚ ਸਾਂਭ ਕੇ ਰੱਖੀਆਂ ਮੈਂ
ਪੰਛੀ ਆਣ ਕੇ ਬੈਠਣ ਵੇਲਾ ਰਹਿਰਾਸ ਦਾ
ਕਦੇ ਚਹੇਤਾ ਹੁੰਦਾ ਸੀ ਮੈਂ ਆਮ ਖ਼ਾਸ ਦਾ
ਅੱਜ ਕੋਈ ਬਜ਼ੁਰਗ ਜੇ ਹਉਕਾ ਭਰਦਾ ਏ
ਮੇਰਾ ਪਿੰਡਾ ਦਰਦ ਉਸ ਦਾ ਜਰਦਾ ਏ
ਨਵੀਂ ਪਨੀਰੀ ਸਮਝੇ ਨਾ ਦੁੱਖ ਅਹਿਸਾਸ ਦਾ
ਕਦੇ ਚਹੇਤਾ ਹੁੰਦਾ ਸੀ ਮੈਂ ਆਮ ਖ਼ਾਸ ਦਾ
ਵੱਡਾ ਸਾਂ ਮੈਂ ਆਪਣੇ ਭੈਣ-ਭਰਾਵਾਂ 'ਚੋਂ
ਖ਼ੂਬ ਕਰੂੰਬਲਾਂ ਫੁੱਟੀਆਂ ਮੇਰੀਆਂ ਬਾਹਵਾਂ 'ਚੋਂ
ਦਰਦ ਜਰਾਂ ਮੈਂ ਕੀਕਣ ਆਪੇ ਆਪਣੀ ਲਾਸ਼ ਦਾ
ਕਦੇ ਚਹੇਤਾ ਹੁੰਦਾ ਸੀ ਮੈਂ ਆਮ ਖ਼ਾਸ ਦਾ

**ਸਰਦੂਲ ਸਿੰਘ ਔਜਲਾ**
**ਮੋ 98141-68611**

-o-

## ਸੁਪਨਾ

ਮੇਰੇ ਦੋਸਤ
ਤੇਰੇ ਸੁਪਨਿਆਂ ਨੂੰ
ਸਾਕਾਰ ਕਰਨ ਦੇ ਲਈ
ਤੇਰੀ ਸੋਚ ਦੇ
ਆਰ ਪਾਰ
ਤੁਰਦਾ ਰਹਾਂਗਾ
ਮੈਂ ਦੂਰ .ਤੀਕਰ
ਤੇਰੇ ਰੰਗੀਨ ਖ਼ਾਬਾਂ ਵਿੱਚ
ਰੰਗ ਭਰਨ ਲਈ
ਲੈ ਆਵਾਂਗਾ ਮੈਂ
ਕਾਲੇ ਬੱਦਲਾਂ 'ਚੋਂ
ਲਿਸ਼ਕਦੀਆਂ ਬਿਜਲੀਆਂ ਕੋਲੋਂ ਵੀ
ਸੱਤ ਰੰਗ
ਉਂਞ
ਹਾਂ ਤਾਂ ਮੈਂ
ਬਹੁਤ ਨਿਮਾਣਾ ਜਿਹਾ ਇਨਸਾਨ
ਪਰ ਫਿਰ ਵੀ
ਮੇਰੇ ਦੋਸਤ
ਤੇਰੇ ਸੁਪਨਿਆਂ ਨੂੰ
ਸਾਕਾਰ ਕਰਨ ਦੇ ਲਈ
ਤੇਰੀ ਸੋਚ ਦੇ
ਆਰ ਪਾਰ
ਤੁਰਦਾ ਰਹਾਂਗਾ
ਮੈਂ ਦੂਰ .ਤੀਕਰ

**ਗੁਰਭਜਨ ਲਾਸਾਨੀ**
**ਪਿੰਡ ਬਾਕਰਪੁਰ ਡਾ ਰਾਏ ਪੁਰ ਪੀਰ ਬਖ਼ਸ਼ ਵਾਲਾ, ( ਕਪੂਰਥਲਾ)-144819**
**ਮੋ 98724-39278**

## ਬੇਦਰਦ

ਉਸ ਬੇਦਰਦ ਦਾ ਦਰਦ ਸੀਨੇ ਵਿੱਚ,
ਉਕਰਿਆ ਹੋਇਆ ਅੱਜ ਵੀ ਏ।
ਅੱਜ ਮੁਦਤਾਂ ਬਾਅਦ ਦੀਦਾਰ ਹੋਏ,
ਕੋਈ ਉੱਠਿਆ ਦਰਦ ਪੁਰਾਣਾ ਏ।
ਅੱਜ ਵੀ ਨਾ ਮੈਂ ਰਹਿ ਸਕਿਆ,
ਉਹਦੇ ਕੀਤੇ ਦੀਦਾਰ ਬਿਨਾ।
ਉਹ ਨਜ਼ਰ ਝੁਕਾ ਕੇ ਲੰਘ ਗਿਆ ,
ਮੇਰਾ ਅੱਜ ਵੀ ਯਾਰ ਸਿਆਣਾ ਏ।
ਉਹਨੇ ਅੱਜ ਵੀ ਦੱਸੀ ਜਗਹਾ ਮੇਰੀ,
ਅਤੇ ਆਪਣਾ ਆਪ ਦਿਖਾ ਦਿੱਤਾ।
ਮੈਂ ਅੱਜ ਵੀ ਪਲਕੀ ਬਿਠਾ ਰੱਖਿਆ,
ਜਿਵੇਂ ਉਸ ਦਾ ਇਹੀ ਟਿਕਾਣਾ ਏ।
ਮੇਰੇ ਉਹ ਦਿਨ ਅਤੇ ਉਹ ਰਾਤਾਂ,

ਜੋ ਰੋ ਰੋ ਕੱਟੀਆਂ ਯਾਦ ਮੈਨੂੰ।
ਮੈਂ ਅੱਜ ਵੀ ਉਨਾ ਹੀ ਰੋਂਦਾ ਹਾਂ,
ਉਹਦੀਆਂ ਅੱਜ ਵੀ ਉਹੀ ਮੁਸਕਾਨਾਂ ਏ।
ਕਾਸ਼ ਸੰਧੂ ਬੇਦਰਦ ਹੁੰਦਾ ਤੂੰ,
ਭੁੱਲ ਜਾਣਾ ਤਾਂ ਸੌਖਾ ਸੀ।
ਜਾਂ ਫਿਰ ਕੱਲਿਆਂ ਬੈਠ ਕੇ ਰੋਣ ਦਾ,
ਲੱਭ ਲਿਆ ਇਹੀ ਬਹਾਨਾ ਏ।

**ਲਖਵਿੰਦਰ ਸਿੰਘ ਸੰਧੂ**
ਮੋ. 98157-29408
sandhubhandal.see@gmail.com

-0-

## ਰੱਬ ਜਾਣੇ

ਭੁੱਲ ਭੁਲੇਖੇ
ਕਦੇ ਜੋ ਆਈ
ਆਈ ਸ਼ਹਿਰ ਸੰਗਰੂਰ ਮੇਰੇ ।
ਘਰ ਮੇਰੇ ਨਾ,
ਤੂੰ ਹੈਂ ਆਉਣਾ,
ਮੁੜ ਜਾਣਾ ਘਰ, ਪੇਕੇ ਪਾ ਫੇਰੇ ।
ਪਿੰਡ ਮੇਰੇ ਤੋਂ, ਸ਼ਹਿਰ ਤੇਰੇ ਦਾ,
ਫ਼ਾਸਲਾ ਕੋਹਾਂ ਦਾ।
ਰੱਬ ਜਾਣੇ ਕਦੋਂ,
ਮੇਲ ਹੋਣਾ ਏ,
ਆਪਣਾ ਦੋਹਾਂ ਦਾ ।
ਸ਼ਹਿਰ ਮੇਰਾ ਸੰਗਰੂਰ ਤੇ,
ਤੇਰਾ ਸ਼ਹਿਰ ਪਟਿਆਲਾ ਏ ।

**-ਸਰਬਜੀਤ ਸੰਗਰੂਰਵੀ**
**ਪੁਰਾਣੀ ਅਨਾਜ ਮੰਡੀ , ਸੰਗਰੂਰ**
**ਮੋ. 94631-62463**

-o-

## ਖ਼ੂਨ ਭਰੀ ਧਰਤੀ

**ਗੁਰਮੀਤ ਘੁੰਮਣ ਬੇਗੋਵਾਲ**

ਸੰਘਣੀ ਆਬਾਦੀ ਵਾਲਾ ਛੋਟਾ ਜਿਹਾ ਸ਼ਹਿਰ,
ਦਿਨ-ਦਿਹਾੜੇ ਵਰਤੇ ਇੱਥੇ ਕਹਿਰ।
ਅੱਗ ਲਾਉਣ ਤੋਂ ਕੋਈ ਸੰਗਦਾ ਨਹੀਂ,
ਭਾਈਚਾਰੇ ਦਾ ਪਿਆਰ ਕੋਈ ਮੰਗਦਾ ਨਹੀਂ।
ਕੋਈ ਚੁੱਪ-ਚਪੀਤੇ ਕਾਲੇ ਹਨੇਰੇ ਅੰਦਰ,
ਕਰ ਦਿੰਦਾ ਜਾਦੂ ਦਾ ਮੰਤਰ।
ਸ੍ਰਿਸ਼ਟੀ ਅੰਦਰੋਂ-ਬਾਹਰੋਂ ਡਰਦੀ ਹੈ,
ਡਰ-ਡਰ ਕੇ ਹੌਕੇ ਭਰਦੀ ਹੈ।
ਆਉਂਦੀ ਹੈ ਉੱਚੀ ਸਾਰੀ ਆਵਾਜ਼,
ਰੋਂਦੀ ਹੈ ਆਪਣੇ ਹੀ ਅੰਦਾਜ਼।
ਦਿਨ ਚੜ੍ਹੇ ਖ਼ੂਨ ਭਰੀ ਧਰਤੀ,
ਦੱਸਦੀ ਹੈ ਆਪਣੀ ਹੱਡ-ਵਰਤੀ।
ਸੁਣਦਾ ਨਹੀਂ ਕੋਈ ਪੁਕਾਰ,
ਕਰ ਛੱਡਦੇ ਨੇ ਸਾਰੇ ਨਜ਼ਰ-ਅੰਦਾਜ਼।

**98153-49026**

# ਗ਼ਜ਼ਲ ਸੱਥ

**ਪ੍ਰਤਾਪ 'ਪਾਰਸ' ਗੁਰਦਾਸਪੁਰੀ,**

ਮਾਰੂਥਲ ਦਾ, ਸਫ਼ਰ ਹੰਢਾਅ ਕੇ, ਆਇਆ ਹਾਂ।
ਸਾਗਰ ਲੈ ਕੇ, ਆਵੋ ਮੈਂ, ਤਿਰਹਾਇਆ ਹਾਂ।

ਬੰਜ਼ਰ ਧਰਤੀ, ਦੀ ਹਿੱਕ ਵਿਚਲਾ, ਹਾਉਕਾ ਹਾਂ,
ਕੱਲਰੀਂ ਉੱਗੇ, ਬਿਰਖਾਂ ਦਾ ਮੈਂ, ਛਾਇਆ ਹਾਂ।

ਮੈਂ ਸੱਸੀ ਦੇ, ਪੈਰ ਦਾ ਫਿੱਸਿਆ, ਛਾਲਾ ਹਾਂ,
ਥਲ ਵਿਚ ਭਟਕੇ, ਪੁੰਨੂੰ ਦਾ, ਹਮਸਾਇਆ ਹਾਂ।

ਮੈਂ ਇਕ ਸਤਰ, ਅਧੂਰੀ ਰਹੀ, ਮੁਹੱਬਤ ਦੀ,
ਮੈਂ ਉਹ ਨਗ਼ਮਾ, ਜੋ ਨਾ ਕਿਸੇ ਨੇ, ਗਾਇਆ ਹਾਂ।

ਮੈਂ ਇਕ ਮਿਰਗ, ਤ੍ਰਿਸ਼ਨਾ ਜਿਸਦਾ, ਮੂਲ ਨਹੀਂ,
ਭਰਮਾਂ ਮਾਰਿਆ, ਭਟਕਣ ਨੂੰ, ਪਰਨਾਇਆ ਹਾਂ।

'ਪਾਰਸ' ਸੀਨੇ, ਦਰਦ ਹੈ ਇਕ, ਅਭਾਗਣ ਦਾ,
ਲੇਖੀਂ ਭਟਕਣ, ਤੇ ਪੀੜਾਂ ਦਾ, ਜਾਇਆ ਹਾਂ।

ਬੇ-ਵਸੀਆਂ ਦਾ ਆਲਮ ਜਿਹੜਾ ਬੀਤ ਗਿਆ,
ਕੱਲ੍ਹ ਵਾਸਤੇ, ਸੋਹਣਾ ਖਾਬ, ਲਿਆਇਆ ਹਾਂ।

**787/10 ਪ੍ਰੇਮ ਨਗਰ,**
**ਹਰਦੋਛੰਨੀ ਰੋਡ ਗੁਰਦਾਸਪੁਰ**
**ਫੋਨ 9988811681**

-o-

## ਸੀਤਲ ਸਿੰਘ ਗੁੰਨੋਪੁਰੀ

ਮਾਯੂਸ ਵੇਖ ਚਿਹਰਿਆਂ ਨੂੰ ਸਭ ਬਿਖ਼ਰ ਗਏ
ਮੇਰੇ ਹੁਸੀਨ ਖ਼ਾਬ ਮੇਰੇ ਦਿਲ 'ਚ ਮਰ ਗਏ

ਸਿਸਟਮ ਨੂੰ ਬਦਲ ਦੇਣ ਦੀ ਜਿਹਨਾਂ ਤੋਂ ਆਸ ਸੀ
ਕੱਲ੍ਹ ਆਖ਼ਰੀ ਉਮੀਦ ਵੀ ਗਹਿਣੇ ਉਹ ਧਰ ਗਏ

ਉਹਨਾਂ ਭਲਾ ਕੀ ਪਰਬਤਾਂ ਦੀ ਹਿੱਕ ਨੂੰ ਚੀਰਨਾ
ਜੋ ਰਸਤਿਆਂ 'ਚ ਵੇਖ ਕੇ ਦੀਵਾਰ ਡਰ ਗਏ

ਪੱਥਰ 'ਤੇ ਨਾਮ ਉਹਨਾਂ ਦਾ ਜਾਊ ਉਲੀਕਿਆ
ਜਿਹੜੇ ਸਮਾਜ ਵਾਸਤੇ ਕੁੱਝ ਕਰ ਗੁਜਰ ਗਏ

ਜੀਊਣੈ ਤਾਂ ਰਸਤਿਆਂ ਦੀ ਤਪਸ਼ ਨਾ ਨਿਹਾਰ ਤੂੰ
ਤੱਕ ਅਮਲਤਾਸ ਲੂਅ 'ਚ ਜੋ ਫੁੱਲਾਂ ਨਾ' ਭਰ ਗਏ

ਰਾਹਬਰ ਨਾ ਆਖ ਤੂੰ ਉਨ੍ਹਾਂ ਨੂੰ ਆਖ ਧਾੜਵੀ
ਜੋ ਲੋਕ ਤੇਰੇ ਦੇਸ਼ ਨੂੰ ਕੰਗਾਲ ਕਰ ਗਏ

ਖ਼ਾਨਾਬਦੋਸ਼ ਕਰ ਗਈ ਇਹ ਮਨ ਦੀ ਭਟਕਣਾਂ
ਮੁੱਦਤ ਹੋਈ ਆਪਾਂ ਕਦੇ ਨਾ ਅਪਣੇ ਘਰ ਗਏ

ਇਹ ਸੋਚ ਕੇ ਚਲੋ ਇਹ ਜ਼ਖਮ ਭਰ ਹੀ ਜਾਣਗੇ
ਤੁਹਮਤ ਤੇਰੀ ਦੇ ਤੀਰ ਆਪਾਂ ਹੱਸ ਕੇ ਜਰ ਗਏ

ਤੂੰ ਤੁਰ ਰਿਹਾ ਏਂ ਅੱਜ ਜਿਨ੍ਹਾਂ ਰਾਹਾਂ 'ਤੇ 'ਸੀਤਲਾ'
ਲੱਖਾਂ ਹੀ ਸੁਖ਼ਨਵਰ ਇਨੀਂ ਰਾਹੀਂ ਗੁਜ਼ਰ ਗਏ

**9815315034**

## ਸੁਭਾਸ਼ ਦੀਵਾਨਾ

ਜੀਵਨ ਦੀਆਂ ਰਾਹਾਂ 'ਚੋਂ, ਕੁਝ ਨ੍ਹੇਰ ਹਟਾ ਕੇ ਜਾ।
ਆਇਆ ਹੈਂ ਤਾਂ ਆਪਣਾ, ਕੁਝ ਹਿੱਸਾ ਵੀ ਤੂੰ ਪਾ ਕੇ ਜਾ।

ਬੋਲਾਂ 'ਚੋਂ ਤੇਰੇ ਆਵੇ, ਫੁੱਲਾਂ ਦੀ ਮਹਿਕ ਸੱਜਣਾ,
ਤੂੰ ਆਲੇ ਦੁਆਲੇ ਨੂੰ, ਗੁਲਜ਼ਾਰ ਬਣਾ ਕੇ ਜਾ।

ਸਾਰੇ ਹੀ ਤਾਂ ਆਪਣੇ ਨੇ, ਬੇਗਾਨਾ ਨਹੀਂ ਕੋਈ,
ਸਤਿਕਾਰ ਮਿਲੇ ਸਭ ਨੂੰ, ਤਹਰੀਕ ਚਲਾ ਕੇ ਜਾ।

ਜੋ ਬੀਜ ਨੇ ਨਫਰਤ ਦੇ, ਬੀਜੇ ਨਾ ਕਿਤੇ ਕੋਈ,
ਲੁਕਾਈ ਨੂੰ ਇਕ ਕਰਕੇ, ਇਕ ਨਗਰ ਵਸਾ ਕੇ ਜਾ।

'ਵਾ ਪਾਣੀ ਤੇ ਧਰਤੀ ਸਭ, ਸਭਨਾਂ ਦੇ ਹੀ ਸਾਂਝੇ ਨੇ,
ਇਹ ਸਾਂਝ ਦਾ ਮੰਤਰ ਤੂੰ, ਸਭ ਨੂੰ ਹੀ ਸਿਖਾ ਕੇ ਜਾ,

ਧਰਮਾਂ ਅਤੇ ਜਾਤਾਂ ਦੇ, ਰੰਗਾਂ ਅਤੇ ਨਸਲਾਂ ਦੇ,
ਹਨ ਕੂੜ ਹੀ ਝਗੜੇ, ਸਭ ਝਗੜੇ ਮਿਟਾ ਕੇ ਜਾ।

**ਆਪੋਜਿਟ ਗੁਰਦਾਸਪੁਰ ਪਬਲਿਕ ਸਕੂਲ,**
**ਬਹਿਰਾਮਪੁਰ ਰੋਡ ਗੁਰਦਾਸਪੁਰ।**
**ਮੋਬਾਇਲ 9988829666**

## ਡਾ. ਅਨਿਲ ਬਹਿਲ

ਹਕੀਕਤ ਹੈ ਇਹੀ ਇਨਕਾਰ ਸਿਉਂ ਟਕਰਾ ਗਿਆ ਹਾਂ ਮੈਂ ।
ਕਿ ਇੱਕ ਪੱਥਰ ਦੀ ਉਸ ਦੀਵਾਰ ਸਿਉਂ ਟਕਰਾ ਗਿਆ ਹਾਂ ਮੈਂ ।

ਗ਼ਰੀਬਾਂ ਦੇ ਲਹੂ ਨੂੰ ਵੇਚ ਕੇ ਜੋ ਪਲ ਰਹੇ ਨੇ ਹੁਣ,
ਕਿ ਲੋਟੂ ਹੋ ਗਈ ਸਰਕਾਰ ਸਿਉਂ ਟਕਰਾ ਗਿਆ ਹਾਂ ਮੈਂ ।

ਜਿਨ੍ਹਾਂ ਮੰਚਾਂ 'ਤੇ ਕਬਜ਼ਾ ਨਾਗ ਵਾਂਗੂੰ ਕੁਝ ਅਦੀਬਾਂ ਦਾ,
ਉਨ੍ਹਾਂ ਦੇ ਉਸ ਗ਼ਜ਼ਬ ਹੰਕਾਰ ਸਿਉਂ ਟਕਰਾ ਗਿਆ ਹਾਂ ਮੈਂ ।

ਗ਼ਜ਼ਲ ਵਿੱਚ ਐਬ ਕੱਢਣ ਕਿਉਂ ਅਖੌਤੀ ਉਹ ਗ਼ਜ਼ਲਗੋ ਹੁਣ,
ਉਨ੍ਹਾਂ ਦੀ ਬੇਤੁਕੀ ਤਕਰਾਰ ਸਿਉਂ ਟਕਰਾ ਗਿਆ ਹਾਂ ਮੈਂ ।

ਸਵਾਲਾਂ ਦੇ ਇਹ ਪਰਚੇ ਲੀਕ ਜੋ ਅੱਜ 'ਬਹਿਲ' ਕਰਦੇ ਨੇ,
ਮਗਰ ਐਸੇ ਹਰਿੱਕ ਬਦਕਾਰ ਸਿਉਂ ਟਕਰਾ ਗਿਆ ਹਾਂ ਮੈਂ ।

#1306 ਸੈਕਟਰ 49ਬੀ, ਪੁਸ਼ਪਕ ਕੰਪਲਕਸ, ਚੰਡੀਗੜ੍ਹ -160047.
ਮੋਬਾਇਲ: 9463200118

### ਸੁਖਵਿੰਦਰ ਸਿੰਘ ਲੋਟੇ

ਸਮੇਂ ਸਿਰ ਨਾ ਕਰੋ ਧੰਦਾ ਤਾਂ ਪੈਸਾ ਰੁੱਸ ਜਾਂਦਾ ਹੈ।
ਜੇ ਗਾਹਕ ਟਾਲ ਕੇ ਵੇਖੋ ਉਹ ਬੰਦਾ ਰੁੱਸ ਜਾਂਦਾ ਹੈ।

ਬਿਨਾਂ ਨ੍ਹਾਤੇ ਸਦੇਹਾਂ ਜੇ ਜ਼ਰੂਰੀ ਕੰਮ ਤੇ ਜਾਵਾਂ,
ਜਦੋਂ ਮੁੜ ਕੇ ਘਰੇ ਆਵਾਂ ਤਾਂ ਸ਼ੀਸ਼ਾ ਰੁੱਸ ਜਾਂਦਾ ਹੈ।

ਪਕੌੜੇ ਖਾ ਲਵਾਂ ਗੋਭੀ ਦੇ ਚਾਹ ਦੀ ਘੁੱਟ ਭਰ-ਭਰ ਕੇ,
ਪਿਆ ਜਦ ਰਹਿ ਜਵੇ ਕੱਲਾ ਸਮੋਸਾ ਰੁੱਸ ਜਾਂਦਾ ਹੈ।

ਬੜੀ ਹੀ ਆਸ ਬੱਚੇ ਨੂੰ ਬੁੜ੍ਹੇ ਦਾਦੇ ਤੋਂ ਹੁੰਦੀ ਐ,
ਦਿਖਾਵੇ ਜੇਬ ਜਦ ਖਾਲੀ ਤਾਂ ਬੱਚਾ ਰੁੱਸ ਜਾਂਦਾ ਹੈ।
ਬੜੀ ਔਖੀ ਜਿਹੀ ਆਦਤ ਖ਼ੁਦੀ ਮੈਂ ਪਾ ਲਈ 'ਲੋਟੇ',
ਦਵਾਂ ਨਾ ਚੂਰ ਕੇ ਚੂਰੀ ਤਾਂ ਤੋਤਾ ਰੁੱਸ ਜਾਂਦਾ ਹੈ।

**94177-73277**

# ਗੀਤ ਪਟਾਰੀ

## ਨਸ਼ੇ ਦੇ ਸੁਦਾਗਰੋ

**ਸੁਰਜੀਤ ਦੇਵਲ**

ਨਸ਼ੇ ਦੇ ਸੁਦਾਗਰੋ ਪੰਜਾਬ 'ਤੇ, ਮਾੜਾ ਮੋਟਾ ਤਰਸ ਕਰੋ।
ਮਾਵਾਂ ਕੋਲ ਕੱਲੇ ਕੱਲੇ ਪੁੱਤ ਨੇ, ਤਲੀਆਂ ਤੇ ਮੌਤ ਨਾ ਧਰੋ।

ਧਰਤ ਪੰਜਾਬ ਦੀ ਸੁਹਾਵਣੀ, ਗੁਰੂ ਪੀਰਾਂ, ਭਗਤਾਂ ਦੀ ਪਾਕ ਸੀ।
ਲੋਕਾਂ ਵਿੱਚ ਗੂੜਾ ਇਤਫ਼ਾਕ ਸੀ, ਜਾਨੋਂ ਵੱਧ ਪਿਆਰਾ ਇਖਲਾਕ ਸੀ।
ਲੋਰੀਆਂ ਦੇ ਵੀਰ ਪਾਲੇ ਭੈਣਾਂ ਨੇ, ਇਸ ਗੱਲ ਦੀ ਕਦਰ ਕਰੋ
ਮਾਵਾਂ ਕੋਲ ਕੱਲੇ-ਕੱਲੇ ਪੁੱਤ ਨੇ.....

ਦਾਰੂ ਫ਼ੀਮ ਜਰਦੇ ਨੂੰ ਪਹਿਲਾਂ ਹੀ, ਹੱਡਾਂ 'ਚ ਰਚਾ ਕੇ ਕਈ ਫਿਰਦੇ।
ਚਿੱਟਾ ਤੇ ਸਮੈਕ ਆਏ ਜਦੋਂ ਦੇ, ਗੱਭਰੂ ਜਹਾਨੋਂ ਜਾਣ ਕਿਰਦੇ
ਆਪਣੇ ਮੁਨਾਫ਼ੇ ਲਈ ਸੁਦਾਗਰੋ, ਲੋਕਾਂ ਘਰ ਨੇਰ੍ਹ ਨਾ ਕਰੋ
ਮਾਵਾਂ ਕੋਲ ਕੱਲੇ-ਕੱਲੇ ਪੁੱਤ ਨੇ.....

ਕਾਲੇ ਧੰਦੇ ਨਾਲ ਜਿੰਨੇ ਮਰਜ਼ੀ, ਮਹਿਲ ਜ਼ਮੀਨ ਉਏ ਬਣਾ ਲਵੋ।
ਧਨ ਦੇ ਅੰਬਾਰ ਲਾ ਕੇ ਅੰਬਰੀਂ, ਬੱਲੇ ਬੱਲੇ ਜੱਗ ਤੋਂ ਕਰਾ ਲਵੋ।
ਖਾਲੀ ਹੱਥ ਆਏ ਖਾਲੀ ਜਾਵੋਗੇ, ਮਾੜੇ ਕੰਮ ਕਰਨੋਂ ਡਰੋ
ਮਾਵਾਂ ਕੋਲ ਕੱਲੇ-ਕੱਲੇ ਪੁੱਤ ਨੇ.....

ਵੰਡਣੋਂ ਨਸ਼ੇ ਜੇ ਰਹਿ ਨਹੀਂ ਸਕਦੇ, ਨਸ਼ਾ ਵੰਡੋ ਦੇਸ਼ ਪਿਆਰ ਦਾ,
ਵੰਡੋ ਜਾਂ ਸਮਾਜ ਦੀ ਸੇਵਾ ਦਾ, ਲੋਕਾਂ ਦੇ ਪਰਉਪਕਾਰ ਦਾ
ਵੰਡੋ ਖੇੜੇ ਖ਼ੁਸ਼ੀਆਂ ਦੇਵਲ ਕਹਿੰਦਾ ਲਹੂ ਹੱਥ ਨਾ ਭਰੋ
ਮਾਵਾਂ ਕੋਲ ਕੱਲੇ-ਕੱਲੇ ਪੁੱਤ ਨੇ.....

ਮੋ. 92663-67202

-o-

## ਐਵੇਂ ਨਾ ਤੂੰ ਮੇਰੇ ਪਿੱਛੇ

ਕੁੜੀ : ਤੇਰੀ ਮੇਰੀ ਗੱਲ ਕਦੇ ਬਣਨੀ ਨਹੀਂ
ਸੁਣ ਲੈ ਐਵੇਂ ਗੱਲ ਵਿੱਚ ਪਾਣਾ ਨਹੀਂ
ਮੈਂ ਫਾਹ ਮੁੰਡਿਆ
ਐਵੇਂ ਨਾ ਤੂੰ ਮੇਰੇ ਪਿੱਛੇ ਆ ਮੁੰਡਿਆਂ

ਮੁੰਡਾ : ਗੱਲ ਵੀ ਬਣੇਗੀ ਨਾਲੇ ਮੰਨੇਗੀ ਜ਼ਰੂਰ
ਬੜੇ ਬੜੇ ਆਂ ਦਾ ਅਸੀਂ ਭੰਨਿਆ ਗਰੂਰ
ਚੀਜ਼ ਕੀ ਤੂੰ ਅਜਮਾ ਲਵਾਂਗੇ
ਨੀ ਅਸੀਂ ਤਲੀਆਂ ਤੇ ਚੋਗ ਚੁਗਾ ਲਵਾਂਗੇ

ਕੁੜੀ : ਪਿੱਛੇ ਮੇਰੇ ਆ ਕੇ ਕਿਉਂ ਫੂਕੇ ਪੈਟਰੋਲ ਵੇ
ਸਾਫ ਸਾਫ ਕਹਾਂ ਗੱਲ ਕਰਾਂ ਨਾ ਮੈਂ ਗੋਲ ਵੇ
ਤੇਨੂੰ ਵੇਖਦਿਆਂ ਸੁੱਕਦੇ ਨੇ ਸਾਹ ਮੁੰਡਿਆ
ਐਵੇਂ ਨਾ ਤੂੰ ਮੇਰੇ ਪਿੱਛੇ ਆ ਮੁੰਡਿਆ

ਮੁੰਡਾ : ਰੁੱਤਾਂ ਨੇ ਸਹਾਨੀਆਂ ਤੇ ਬਣਨ ਗੀਆ ਕਹਾਣੀਆਂ
ਤੇਰੇ ਲਈ ਮੋੜਾਂ ਉੱਤੇ ਬਹਿੰਦੀਆਂ ਨੇ ਢਾਣੀਆਂ
ਇਹਨਾਂ ਸਾਰਿਆਂ ਚੋਂ ਤੈਨੂੰ ਚਰਾ ਲਵਾਂਗੇ
ਅਸੀਂ ਤਲੀਆਂ ਤੇ ਚੋਗ ਚਗਾ ਲਵਾਂਗੇ

ਕੁੜੀ : ਮੋੜਾਂ ਉੱਤੇ ਬਹਿ ਕੇ ਘੁੰਮਣ ਮਿਲਦੇ ਪਿਆਰ ਨਾ
ਸਾਡੇ ਦਿਲ ਵਿੱਚ ਲਖਵਿੰਦਰਾ ਠਾਰ ਨਾ
ਬਸ ਵੇਖ ਵੇਖ ਦਿਲ ਪਰਚਾ ਮੁੰਡਿਆ
ਮੈਂ ਕਿਹਾ ਐਵੇਂ ਨਾ ਤੂੰ ਮੇਰੇ ਪਿੱਛੇ ਆ ਮੁੰਡਿਆ

ਮੁੰਡਾ : ਹੁਸਨ ਤੇ ਤੈਨੂੰ ਬਹੁਤਾ ਹੀ ਗਰੂਰ ਏ
ਢਲ ਗਈ ਜਵਾਨੀ ਤਾਂ ਹੋਜੂ ਚੂਰ-ਚੂਰ ਏ
ਅਸੀਂ ਰਾਂਝੇ ਵਾਂਗੂ ਕੰਨ ਪੜਵਾ ਲਵਾਂਗੇ
ਅਸੀਂ ਤਲੀਆਂ ਤੇ ਚੋਗ ਚੁਗਾ ਲਵਾਂਗੇ।

**ਲਖਵਿੰਦਰ ਘੁੰਮਣ**

98 15349026

# ਮਿੰਨੀ ਕਹਾਣੀਆਂ

## ਅਸੂਲੀ ਬੰਦਾ

ਨਵੇਂ ਬਦਲ ਕੇ ਆਏ ਸਾਹਬ ਨੇ ਦਫ਼ਤਰ ਦਾ ਮਾਹੌਲ ਵੇਖ ਕੇ ਆਪਣਾ ਅਫ਼ਸਰੀ ਰੋਹਬ ਪਾਉਣ ਲਈ ਤੀਜੇ ਦਿਨ ਸ਼ੁੱਕਰਵਾਰ ਦੁਪਹਿਰ ਬਾਅਦ ਪਲੇਠੀ ਮੀਟਿੰਗ ਨੂੰ ਸੰਬੋਧਨ ਹੁੰਦਿਆਂ ਕਿਹਾ, ਵੇਖੋ ਬਈ ਮਿੱਤਰੋ, ਮੈਂ ਹਾਂ ਅਸੂਲੀ ਬੰਦਾ, ਦਫ਼ਤਰ ਵਿਚ ਹਾਜ਼ਰੀ ਪੂਰੀ ਅਤੇ ਸਮੇਂ ਸਿਰ ਯਕੀਨੀ ਬਣਾਈ ਜਾਵੇ, ਜਨਤਾ ਦੇ ਕੰਮਾਂ ਵਿੱਚ ਮੈਨੂੰ ਕੁਤਾਹੀ ਮਨਜੂਰ ਨਹੀਂ। ਰਿਸ਼ਵਤ ਦੇ ਮਾਮਲੇ ਵਿੱਚ ਮੈਥੋਂ ਬੁਰਾ ਕੋਈ ਨਹੀਂ। ਕਿਸੇ ਦਾ ਕੋਈ ਸੁਆਲ ਹੋਵੇ ਤਾਂ ਦੱਸ ਸਕਦਾ ਹੈ ਨਹੀਂ ਤਾਂ ਮਿਲਦੇ ਹਾਂ ਸੋਮਵਾਰ ਨੂੰ।÷ ਜਿਸ ਦਾ ਭਾਵ ਸੀ ਦੋ ਛੁੱਟੀਆਂ ਮਾਣੋ।

ਦਫ਼ਤਰ ਦਾ ਅੱਧਿਓਂ ਬਹੁਤਾ ਸਟਾਫ਼ ਲੋਕਲ ਸੀ ਤੇ ਨਵੇਂ ਬਦਲ ਕੇ ਆਏ ਕਲਰਕ ਗੁਰਮੇਲ ਸਿੰਘ ਤੋਂ ਇਲਾਵਾ ਬਾਕੀ ਸਾਰੇ ਵੀ ਪੰਜ-ਸੱਤ ਕਿਲੋਮੀਟਰ ਤੋਂ ਆਉਣ ਵਾਲੇ ਵੀ ਲੋਕਲ ਵਰਗੇ ਹੀ ਸਨ। ਫ਼ੌਜੀ ਕੋਟੇ ਵਿੱਚ ਨਵੇਂ ਭਰਤੀ ਹੋਏ ਗੁਰਮੇਲ ਦਾ ਹਾਲੇ ਪ੍ਰੋਬੇਸ਼ਨਲ ਸਮਾਂ ਚੱਲ ਰਿਹਾ ਸੀ। ਉਹ ਘਰੋਂ ਦੂਰ ਰਹਿ ਕੇ ਵੀ ਖੁਸ਼ ਸੀ ਕਿਉਂਕਿ ਉਹ ਫ਼ੌਜ ਵਿੱਚੋਂ ਛਈਂ-ਛਮਾਹੀ ਜਾਂ ਕਈ ਵਾਰ ਤਾਂ ਸਾਲ ਬਾਅਦ ਹੀ ਘਰ ਆਉਂਦਾ ਸੀ ਪਰ ਸੂਬਾ ਸਰਕਾਰ ਦੀ ਨੌਕਰੀ ਵਿਚ ਤਾਂ ਮਹੀਨੇ ਜਾਂ ਪੰਦਰੀਂ ਦਿਨੀਂ ਘਰ ਗੇੜਾ ਵੱਜ ਹੀ ਜਾਂਦਾ ਸੀ। ਸਾਹਬ ਦੀ ਸਖ਼ਤੀ ਦਾ ਉਸ ਨੂੰ ਕੋਈ ਫ਼ਰਕ ਨਹੀਂ ਪੈਣਾ ਸੀ। ਉਹ ਆਪਣੇ ਕੰਮ ਨਾਲ ਮਤਲਬ ਰੱਖਦਾ ਸੀ।

'ਯਥਾ ਰਾਜਾ ਤਥਾ ਪਰਜਾ' ਦੇ ਕਹਿਣ ਅਨੁਸਾਰ ਸੋਮਵਾਰ ਨੂੰ ਦਸ ਵਜੇ ਪਹੁੰਚਣ ਵਾਲੇ ਵੀ ਸਮੇਂ ਸਿਰ ਸਨ ਅਤੇ ਸਾਹਿਬ ਵੀ ਸਮੇਂ ਸਿਰ ਪਹੁੰਚ ਗਿਆ ਸੀ।

ਲੰਚ ਵੇਲੇ ਕਦੇ-ਕਦਾਈਂ ਫਰਲੋ ਮਾਰਨ ਵਾਲਾ ਬਹੁਤੀ ਫਰਲੋ ਮਾਰਨ ਵਾਲਿਆਂ ਨੂੰ ਸੁਣਾਉਂਦੇ ਹੋਏ ਰੋਟੀ ਵਾਲਾ ਡੱਬਾ ਖੋਲ੍ਹਦਾ ਆਖ ਰਿਹਾ ਸੀ, ਲੈ ਬਈ ਹੁਣ ਪਤਾ ਲੱਗੂ, ਫਰਲੋ ਕਿਸ ਭਾ ਵਿਕਦੀ ਐ।

ਓਏ, ਜੇ ਸੱਪ ਫੁੰਕਾਰਾ ਨਾ ਮਾਰੇ ਤਾਂ ਤੇਜੋ ਵਰਗੀਆਂ ਨਾਲ਼ੇ ਬਣਾ ਕੇ ਸੁੱਥਣਾਂ ਵਿੱਚ ਪਾਈ ਫਿਰਨ ! ਸੇਵਾ ਮੁਕਤੀ ਦੇ ਨੇੜੇ ਪੁੱਜੇ ਦਫਤਰ ਦੇ ਡਰਾਈਵਰ ਜੈਬੇ ਨੇ ਆਪਣਾ ਤਜਰਬਾ ਸਾਂਝਾ ਕਰਦਿਆਂ ਪਾਰਟ ਟਾਈਮ ਕੰਮ ਕਰਦੀ ਨੌਜਵਾਨ ਸਫਾਈ ਸੇਵਕਾ ਤੇਜ ਕੌਰ 'ਤੇ ਕਾਨੀ ਕੱਸਦਿਆਂ ਆਪਣੀ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ।

ਕਰਮਚਾਰੀਆਂ ਨੂੰ ਸਮੇਂ ਸਿਰ ਆਉਣ ਦੀ ਤਾੜਨਾ ਕਰਨ ਵਾਲੇ ਅਧਿਕਾਰੀ ਨੂੰ ਵੀ ਸਮੇਂ ਦਾ ਪਾਬੰਦ ਹੋਣਾ ਪੈਣਾ ਸੀ। ਬਹਾਨਾ ਮਾਰ ਕੇ ਸੀਟਾਂ ਤੋਂ ਬਹੁਤਾ ਸਮਾਂ ਗਾਇਬ ਰਹਿਣ ਵਾਲੇ ਅਤੇ ਨਿੱਤ ਫਰਲੋ ਮਾਰਨ ਵਾਲਿਆਂ ਦੀ ਹਫਤੇ ਵਿਚ ਹੀ ਜਾਨ ਕੁੜਿੱਕੀ ਵਿਚ ਆ ਗਈ।

ਦੂਜੇ ਪਾਸੇ ਸਾਹਬ ਸਰਕਾਰੀ ਕਰਮਚਾਰੀਆਂ ਨੂੰ ਸਮੇਂ ਦੇ ਐਨੇ ਪਾਬੰਦ ਵੇਖ ਕੇ ਆਪਣੇ ਥਾਂ ਹੈਰਾਨ ਸੀ। ਲੱਗਦੈ ਮੈਂ ਕੁੱਝ ਜ਼ਿਆਦਾ ਈ ਸਖਤ ਭਾਸ਼ਾ ਵਰਤ ਗਿਆ ਹਾਂ। ਇਸ ਹਿਸਾਬ ਨਾਲ ਤਾਂ ਅੱਧੀ ਤਨਖਾਹ ਕਾਰ ਦੇ ਤੇਲ ਵਿਚ ਈ ਚਲੀ ਜਾਊ। ਸਾਹਿਬ ਨੇ ਮਨਬਚਨੀ ਕੀਤੀ।

ਦੂਸਰੇ ਹਫ਼ਤੇ ਸੋਮਵਾਰ ਨੂੰ ਮੁਲਾਜ਼ਮ ਯੂਨੀਅਨ ਦਾ ਆਪੂੰ ਬਣਿਆ ਪ੍ਰਧਾਨ ਸੁਪਰਡੈਂਟ ਨੂੰ ਕਹਿ ਰਿਹਾ ਸੀ, ਸੇਵਾ ਸਿੰਘ ਜੀ, ਵਜਾਓਗੇ ਕੋਈ ਬੀਨ ਕਿ ਆਪਾਂ ਨੂੰ ਈ ਨਾਗ ਵੱਸ ਕਰਨ ਵਾਸਤੇ ਕਿਸੇ ਨਾਗਵਲ਼ ਦਾ ਹੀਲਾ ਕਰਨਾ ਪਊ! ਆਹ ਭਾਊ ਵਿਚਾਰਾ ਵੀ ਮਹੀਨੇ ਬਾਅਦ ਈ ਘਰ ਜਾਂਦੈ ਇਹਦੇ ਬਾਰੇ ਵੀ ਸੋਚਣਾ ਪੈਣੈ। ਪ੍ਰਧਾਨ ਨੇ ਰੋਟੀ ਖਾਂਦੇ ਗੁਰਮੇਲ ਵੱਲ ਝਾਕਦਿਆਂ ਦੂਰ ਦਾ ਹੋਣ ਕਰਕੇ ਹਮਦਰਦੀ ਪ੍ਰਗਟ ਕੀਤੀ।

ਸਰਕਾਰੀ ਨੌਕਰੀ ਵਿਚ ਵੀ ਜੇ ਅੱਠ ਘੰਟੇ ਈ ਫਾਹੇ ਲੱਗਣਾ ਸੀ ਫਿਰ ਪ੍ਰਾਈਵੇਟ ਨੌਕਰੀਆਂ ਥੋੜ੍ਹੀਆਂ ਸਨ! ਪ੍ਰਧਾਨ ਫਿਰ ਬੁੜਬੁੜਾਇਆ।

ਓ ਭਰਾਵਾ ਆਪਾਂ ਵੀਹ ਸਾਲ ਘਰੋਂ ਦੂਰ ਬਾਰਡਰਾਂ 'ਤੇ ਹੀ ਨੌਕਰੀ ਕੀਤੀ ਆ, ਹੁਣ ਤਾਂ ਮੌਜ ਈ ਬੜੀ ਆ। ਮਹੀਨੇ ਬਾਅਦ ਘਰ ਜਾ ਆਈਦਾ ਹੈ। ਫ਼ੌਜੀ ਦਾ ਭਾਵ ਸੀ ਮੇਰੀ ਫਿਕਰ ਨਾ ਕਰੋ ਆਪਣੀ ਸੋਚੋ।

ਸ਼ੁੱਕਰਵਾਰ ਦੁਪਹਿਰ ਤੋਂ ਬਾਅਦ ਸੁਪਰਡੈਂਟ ਸੇਵਾ ਸਿੰਘ ਨੇ ਸਾਹਿਬ ਦੇ ਅੱਗੇ ਕੰਟਨਜੈਂਸੀ ਦਾ ਰਜਿਸਟਰ ਖੋਹਲ ਕੇ ਰੱਖਦਿਆਂ ਕਿਹਾ, ਸਰ, ਇਕੱਤੀ ਮਾਰਚ ਆਉਣ ਵਾਲੀ ਆ, ਆਪਣੇ ਕੋਲ ਬਜਟ ਕਾਫ਼ੀ ਹੈ, ਫਰਨੀਚਰ ਅਤੇ ਪਰਦੇ ਵਗੈਰਾ ਤਾਂ ਠੀਕ ਈ ਨੇ, ਬਜਟ ਲੈਪਸ ਕਰਾਉਣੈ ਜਾਂ... ? ਹੰਢੇ ਸੁਪਰਡੈਂਟ ਨੇ ਬਾਕੀ ਸਭ ਕੁਝ ਸਾਹਿਬ ਦੇ ਸਮਝਣ ਲਈ ਛੱਡ ਦਿੱਤਾ।

ਸਾਹਬ ਕਿਹੜਾ ਨਿਆਣਾ ਜਾਂ ਨਵਾਂ ਸੀ ਜੋ ਸੁਪਰਡੈਂਟ ਦੀ ਟੋਨ ਨਾ ਸਮਝਦਾ।

ਐਂ ਕਰਨਾ ਸੇਵਾ ਸਿੰਘ ਜੀ,

ਬਿੱਲ ਬਣਵਾ ਲਿਆਉਣਾ ਮੈਂ ਦਸਤਖਤ ਕਰ ਦਿਆਂਗਾ। ਨਾਲੇ ਗੱਲ ਸੁਣੋ, ਮੇਰੇ ਤੋਂ ਮਗਰੋਂ ਦਫਤਰ ਦੇ ਮਾਲਕ ਤੁਸੀਂ ਹੀ ਓ, ਕੋਈ ਗਲਤੀ ਨਹੀਂ ਹੋਣੀ ਚਾਹੀਦੀ ਬਾਕੀ ਮੌਜ ਕਰੋ।

ਅਗਲੇ ਸੋਮਵਾਰ ਸੇਵਾ ਸਿੰਘ ਦਸ ਕੁ ਵਜੇ ਦਫਤਰ ਆਇਆ ਤੇ ਕਲਰਕ ਗੁਰਮੇਲ ਸਿੰਘ ਨੂੰ ਆਪਣੀ ਸੀਟ 'ਤੇ ਬੈਠੇ ਨੂੰ ਬੋਲਿਆ, ਗੁਰਮੇਲ ਸਿੰਘ ਜੀ, ਸਾਹਬ ਦਾ ਫੀਲਡ ਵਿਚ ਦੌਰਾ ਪਾ ਦੇਣਾ, ਪ੍ਰਧਾਨ ਹੁਰੀਂ ਜਥੇਬੰਦੀ ਦੀ ਮੀਟਿੰਗ 'ਤੇ ਗਏ ਨੇ, ਮੈਂ ਬਜ਼ਾਰੋਂ ਬਿੱਲ ਲੈ ਆਵਾਂ, ਦੂਜੇ ਬੰਦਿਆਂ ਚੋਂ ਵੀ ਲਗਦੈ ਕੋਈ ਨਾ ਹੀ ਆਵੇ ਛੁੱਟੀਆਂ ਲਿਖ ਕੇ ਰੱਖ ਗਏ ਹਨ। ਅਗਲਾ ਪੂਰਾ ਹਫਤਾ ਤੁਹਾਨੂੰ ਛੁੱਟੀ ਭੇਜਾਂਗੇ। ਆਖ ਸੇਵਾ ਸਿੰਘ ਬਿੱਲ ਲੈਣ ਤੁਰ ਗਿਆ। ਭਾਂ-ਭਾਂ ਕਰਦੇ ਦਫ਼ਤਰ ਵਿਚ ਆਪਣੀ ਸੀਟ 'ਤੇ ਬੈਠਾ ਗੁਰਮੇਲ ਸਿੰਘ ਸੋਚ ਰਿਹਾ ਸੀ। ਸੇਵਾ ਸਿੰਘ ਜੀ ਨੇ ਬੀਨ ਵਜਾ ਹੀ ਲਈ ਜਾਪਦੀ ਹੈ। ਜੇ ਸਾਰੀਆਂ ਸਰਕਾਰੀ ਸੰਸਥਾਵਾਂ ਵਿੱਚ ਐਹੋ ਜਿਹੇ ਅਸੂਲੀ ਬੰਦੇ ਹੋ ਗਏ ਤਾਂ ਫਿਰ

ਉਨ੍ਹਾਂ ਦਾ ਰੱਬ ਹੀ ਰਾਖਾ ਹੈ।

**ਤਰਸੇਮ ਸਿੰਘ ਭੰਗੂ**
**ਫੋਨ-9465656214**

-o-

## ਚਿੰਤਤ ਪਾਪਾ

ਅੱਜ ਪਾਪਾ ਘਰ ਦੀ ਆਰਥਿਕਤਾ ਨੂੰ ਲੈ ਕੇ ਬਹੁਤ ਚਿੰਤਿਤ ਜਿਹਾ ਲੱਗ ਰਿਹਾ ਸੀ। ਉਸਨੇ ਘਰ ਦੇ ਸਾਰੇ ਜੀਆਂ ਨੂੰ ਬਿਠਾ ਕੇ ਕਈ ਹੁਕਮ ਦੇਣ ਵਾਂਗ ਗੱਲਾਂ ਕਹੀਆਂ।

ਗੱਲ ਸੁਣ ਲੋ ਭਾਈ ਮੇਰੀ ਘਰ ਦੇ ਸਾਰੇ ਜੀਅ, ਆਪੋ-ਆਪਣੇ ਖਰਚ ਘਟਾ ਲਵੋ,

(ਨੂੰਹਾਂ ਵੱਲ ਨੂੰ ਮੂੰਹ ਕਰਕੇ) ਨਵੇਂ ਕੱਪੜੇ ਖਰੀਦਣੇ ਬੰਦ ਕਰ ਦਿਓ, ਆਹ ਸੋਨਾ-ਸਾਨਾ ਵੀ ਨਵਾਂ ਨਾ ਲਵੋ ਹੁਣ, (ਆਪਣੇ ਪੁੱਤਰਾਂ ਨੂੰ) ਆਪਣੀਆਂ ਪਾਰਟੀਆਂ ’ਤੇ ਰੋਕ ਲਾਓ ਤੁਸੀਂ ਵੀ, ਨਿੱਤ ਤੀਏ ਦਿਨ ਕਦੇ ਕਿਤੇ,ਕਦੇ ਕਿਤੇ ਹੋਟਲਾਂ ’ਚ ਤੁਰੇ ਫਿਰਦੇ ਓ,

(ਆਪਣਿਆਂ ਪੋਤਰਿਆਂ ਨੂੰ) ਨਾਲੇ ਤੁਸੀਂ ਵੀ ਬੰਦੇ ਬਣ ਜਾਓ ਓਏ, ਮੋਟਰਸਾਈਕਲ,ਜੀਪਾਂ ਘੱਟ ਕੱਢੋ ਬਾਹਰ ਤੇਲ ਬਚਾਓ,

(ਘਰਵਾਲੀ ਨੂੰ) ਤੂੰ ਵੀ ਜਰਾ ਤੜਕਾ-ਤੁੜਕਾ ਘਟ ਕਰਦੇ, ਸਬਜ਼ੀ ਇਕ ਟਾਇਮ ਬਣਾਓ, ਹਰ ਕੰਮ ’ਚ ਬੱਚਤ ਕਰੋ ਘਰ ਦੀ ਹਾਲਤ ਠੀਕ ਨਹੀਂ ਚੱਲ ਰਹੀ।÷

ਸਾਰੇ ਹੈਰਾਨ ਸਨ ਕਿ ਪਾਪੇ ਨੇ ਪਹਿਲਾਂ ਕਦੇ ਇਹੋ ਜਿਹੀਆਂ ਗੱਲਾਂ ਨਹੀਂ ਕਹੀਆਂ।

ਘਰ ਦੇ ਸਾਰੇ ਮੈਬਰਾਂ ਦੇ ਓਦੋਂ ਮੂੰਹ ਟੱਢੇ ਰਹਿ ਗਏ ਜਦੋਂ ਸਾਰੀਆਂ ਗੱਲਾਂ ਸਮਝਾ ਕੇ ਪਾਪਾ ਆਪ ਸਫਾਰੀ ਨੂੰ ਸੈਲਫ ਮਾਰ ਆਪਣੇ ਜੋਟੀਦਾਰਾਂ ਨਾਲ ਸ਼ਿਮਲੇ ਦੇ ਟੂਰ ’ਤੇ ਨਿਕਲ ਗਿਆ।

**ਪ੍ਰਤਾਪ ‘ਪਾਰਸ’ ਗੁਰਦਾਸਪੁਰੀ**,
787/10 ਪ੍ਰੇਮ ਨਗਰ,
ਹਰਦੋਛੰਨੀ ਰੋਡ ਗੁਰਦਾਸਪੁਰ
ਫੋਨ 9988811681

-o-

## ਫੁੱਲਾਂ ਦਾ ਹਾਰ

ਚੋਣਾਂ ਦੇ ਦਿਨਾਂ ਵਿੱਚ ਰਾਜਸੀ ਸਰਗਰਮੀਆਂ ਜ਼ੋਰਾਂ ਤੇ ਸਨ। ਇੱਕ ਰਾਜਸੀ ਇਕੱਠ ਵਿੱਚ ਨੇਤਾ ਜੀ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ । ਨੇਤਾ ਦੇ ਗਲ ਵਿੱਚ ਫੁੱਲਾਂ ਦਾ ਹਾਰ ਸੀ ਜੋ ਉਸ ਦੇ ਕਾਰਕੁੰਨਾਂ ਨੇ ਬੜੀ ਗਰਮਜੋਸ਼ੀ ਨਾਲ ਸਵਾਗਤ ਕਰਦਿਆਂ ਪਾਇਆ ਸੀ । ਇੱਕ ਲੇਖਕ ਪੰਡਾਲ ਤੋਂ ਥੋੜ੍ਹੀ ਦੂਰ ਖੜ੍ਹਾ ਆਪਣੇ ਆਪ ਵਿੱਚ ਹੀ ਕਹਿ ਰਿਹਾ ਸੀ- “ਕਿੰਨੇ ਪਿਆਰੇ ਕੁਦਰਤੀ ਪੀਲੇ ਰੰਗ ਦੇ ਫੁੱਲ ਨੇ, ਪਰ ਉਸ ਨੇਤਾ ਦੇ ਗਲੇ ਵਿੱਚ .ਜਿਸ ਨੇਤਾ ਨੇ ਪਿਛਲੇ ਪੰਜ ਸਾਲਾਂ ਵਿੱਚ ਕਈ ਕਰੋੜਾਂ ਦੀ ਜਾਇਦਾਦ ਵਧਾ ਲਈ ਹੈ । ਇਹ ਫੁੱਲਾਂ ਦੀ ਤ੍ਰਾਸਦੀ ਹੈ । ਇੰਨਾ ਕਹਿ ਕੇ ਬੇਚੈਨੀ ਵਿੱਚ ਲੇਖਕ ਉੱਥੋਂ ਚਲਾ ਗਿਆ ।

ਅਗਲੇ ਦਿਨ ਲੇਖਕ ਸਵੇਰੇ ਨਗਰ ਤੋਂ ਬਾਹਰਵਾਰ ਸੈਰ ਕਰ ਰਿਹਾ ਸੀ । ਸਰੋਂ ਦੇ ਖੇਤ ਵਿੱਚੋਂ ਇੱਕ ਕਿਸਾਨ ਬਾਹਰ ਆਇਆ,ਜਿਸ ਦੀਆਂ ਲੱਤਾਂ ਗੋਡਿਆਂ ਤੱਕ ਤਰੇਲ ਨਾਲ ਭਿੱਜ ਗਈਆਂ ਸਨ ਪਰ ਗੋਡਿਆਂ ਤੱਕ ਪੀਲੇ ਰੰਗ ਦੇ ਫੁੱਲਾਂ ਦੇ ਛੋਟੇ ਛੋਟੇ ਟੁਕੜੇ ਚਿੰਬੜ ਗਏ ਸਨ ਜੋ ਇੱਕ ਹਾਰ ਦਾ ਰੂਪ ਧਾਰਨ ਕਰ ਗਏ ਜਾਪਦੇ ਸਨ। ਖੁਸ਼ੀ ਵਿੱਚ ਖੀਵੇ ਹੋਏ ਲੇਖਕ ਨੇ ਕਿਹਾ, ਹੁਣ ਫੁੱਲਾਂ ਦਾ ਹਾਰ ਢੁਕਵੀਂ ਥਾਂ ਹਾਸਲ ਕਰ ਹੀ ਗਿਆ ਹੈ ।

**ਸਤਵਿੰਦਰ ਬੇਗੋਵਾਲੀਆ**
**ਮੋ 98154-65620**

-o-

## ਨਵਯੁੱਗ ਦਾ ਸੂਰਜ

**ਸੁਰਜੀਤ ਦੇਵਲ**

ਪਿਆਰੇ ਵਲੈਕੀਏ ਨੇ ਐਤਕੀਂ ਪਿੰਡ ਦੀ ਸਰਪੰਚੀ ਤੇ ਅੱਖ ਜਮਾ ਰੱਖੀ ਸੀ।

ਚੋਣਾਂ ਦਾ ਬਿਗਲ ਵੱਜਣ ਤੇ ਪਿੰਡ ਦੇ ਪਤਵੰਤੇ ਤੇ ਦਾਨਿਸ਼ਮੰਦ ਬੰਦਿਆਂ ਨੇ ਕਿਸੇ ਸੁਚੱਜੇ ਈਮਾਨਦਾਰ ਬੰਦੇ ਨੂੰ ਸਰਬ ਸੰਮਤੀ ਨਾਲ ਸਰਪੰਚ ਬਣਾਉਣ ਲਈ ਪਿੰਡ ਦੇ ਲੋਕਾਂ ਦਾ ਸੱਥ ਵਿੱਚ ਇਕੱਠ ਬੁਲਾਇਆ। ਸਾਂਝੇ ਇਕੱਠ ਵਿੱਚ ਪਿਆਰੇ ਵਲੈਕੀਏ ਦੇ ਸਾਥੀ ਵੀ ਮੌਜੂਦ ਸੀ।

ਸੱਥ ਵਿੱਚ ਲੋਕਾਂ ਨੇ ਸਰਪੰਚ ਲਈ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ। ਪਰ ਬਹੁਮੱਤ ਰੀਟਾਇਰ ਫੌਜੀ ਸੇਵਾ ਸਿੰਘ ਦੇ ਹੱਕ ਵਿੱਚ ਨਿੱਤਰਿਆ। ਸੇਵਾ ਸਿੰਘ ਦੇ ਨਾਂ ਤੇ ਸਰਬ ਸੰਮਤੀ ਹੁੰਦੀ ਵੇਖਕੇ ਪਿਆਰੇ ਦੇ ਬੰਦੇ ਇਤਰਾਜ਼ ਉਠਾਉਂਦੇ ਬੋਲੇ—

“ਓ ਲੋਕੋ, ਜਿਹੜੇ ਬੰਦੇ ਤੇ ਤੁਸੀਂ ਸਰਬ ਸੰਮਤੀ ਕਰ ਰਹੇਉਂ, ਪਹਿਲਾਂ ਇਹਨੂੰ ਇਹ ਤਾਂ ਪੁੱਛ ਲਓ ਪੰਜਾਬ ਦੇ ਜ਼ਿਲ੍ਹੇ ਕਿੰਨੇ ਨੇ।”

“ਗੱਲ ਸੁਣੋ ਉਏ ਗੱਲ ਸੁਣੋ। ਜਿਲ੍ਹਿਆਂ ’ਚ ਜਾ ਕੇ ਇਹਨਾਂ ਕਿਹੜਾ ਫ਼ੀਮ ਵੇਚਣੀਏਂ ? ਫੌਜੀ ਦੇ ਸਮਰਥਕ ਨੇ ਘੜਕੇ ਜਵਾਬ ਮੋੜਿਆ-

“ਫੀਮ ਤਾਂ ਨਈਂ ਵੇਚਣੀ। ਸਰਪੰਚ ਘੱਟੋ ਘੱਟ ਐਨਾ ਚਤੁਰ ਚਲਾਕ ਤਾਂ ਹੋਵੇ ਜਿਹੜਾ ਸਰਕਾਰ ਦੇ ਹੱਥ ਤੇ ਹੱਥ ਮਾਰੇ।”

“ਓ ਭਾਈ, ਜੇ ਇਹ ਸਰਪੰਚ ਬਣ ਗਏ ਤਾਂ ਪਿੰਡ ਦੀ ਨੁਹਾਰ ਤਾਂ ਜ਼ਰੂਰ ਬਦਲ ਦੇਣਗੇ। ਪਰ ਹੱਥ ਤੇ ਹੱਥ ਨਹੀਂ ਮਾਰਨਗੇ।”

“ਫੇਰ ਸਾਨੂੰ ਨਈ ਕਬੂਲ ਥੋਡਾ ਫੈਸਲਾ। ਇਹ ਨਿਤਾਰਾ ਤਾਂ ਫਿਰ ਵੋਟਾਂ ਨਾਲ ਹੋਣ

ਦਿਓ।"

ਉਹ ਤਿੜਕੇ ਹੋਏ ਐਨ ਕਹਿਕੇ ਤੁਰਦੇ ਬਣੇ। ਦੋਵਾਂ ਧਿਰਾਂ ਵੱਲੋਂ ਕਾਗਜ਼ ਭਰੇ ਗਏ। ਜ਼ੋਰ ਅਜ਼ਮਾਈ ਹੋਣ ਲੱਗੀ। ਪਿਆਰੇ ਦੇ ਹਮਾਇਤੀ ਉਨ੍ਹਾਂ ਦਾ ਚੋਣ ਨਿਸ਼ਾਨ ਪੱਖੀ ਲੈ ਕੇ ਦਰ ਦਰ ਵੋਟਾਂ ਮੰਗਣ ਜਾਂਦੇ। ਵਿਹੜੇ ਦੀਆਂ ਬੱਝਵੀਆਂ ਵੋਟਾਂ ਬਟੋਰਨ ਲਈ ਉਹ ਹਰ ਹੱਥ ਕੰਡਾ ਵਰਤ ਰਹੇ ਸੀ। ਉਹ ਵੋਟਾਂ ਤੋਂ ਇਕ ਦਿਨ ਪਹਿਲਾਂ ਰਾਤ ਨੂੰ ਵੇਹੜੇ ਦੀਆਂ ਵੋਟਾਂ ਦੀ ਖਰੀਦ ਫਰੋਖਤ ਕਰਨ ਲਈ ਜਦ ਉਨ੍ਹਾਂ ਦੇ ਦਰਵਾਜ਼ੇ ਅੱਗੇ ਤਸ਼ਰੀਫ਼ ਲਿਆਏ ਤਾਂ ਉਥੇ ਉਨ੍ਹਾਂ ਨੂੰ ਧੂਣਾ ਲਾਈ ਬੈਠੇ ਫੌਜੀ ਦੇ ਸਮਰਥਕ ਟੱਕਰੇ। ਦਰਵਾਜਾ ਲੰਘ ਜਦ ਉਹ ਅੱਗੇ ਵਧੇ ਤਾਂ ਵੇਹੜੇ ਦੀਆਂ ਗਲੀਆਂ ਦੇ ਚੌਂਕ ਵਿੱਚ ਫੇਰ ਫੌਜੀ ਦੇ ਬੰਦੇ ਮੋਰਚਾ ਮੱਲੀ ਬੈਠੇ ਸੀ। ਜਦ ਉਹਨਾਂ ਨੇ ਕੋਈ ਚਾਰਾ ਚਲਦਾ ਨਾ ਵੇਖਿਆ। ਪਿਆਰੇ ਮੂੰਹੋਂ ਸੁਭਾਵਿਕ ਨਿਕਲਿਆ–

"ਹੁਣ ਵੇਹੜੇ ਵਾਲੇ ਵੀ ਪਹਿਲਾਂ ਵਾਲੇ ਨਈਂ ਰਹੇ। ਹੁਣ ਇਹ ਲੋਕ ਵੀ ਚੇਤੰਨ ਹੋ ਗਏ ਨੇ।"

"ਦਿਲ ਨਾ ਛੱਡੋ। ਆਪਣਾ ਸੰਘਰਸ਼ ਜਾਰੀ ਰੱਖੋ। ਟਿੱਬੇ ਤੇ ਪਾਣੀ ਚੜ੍ਹੇ, ਨਾ ਚੜ੍ਹੇ"। ਨਾਲ ਦੇ ਨਾਲ ਹੌਂਸਲਾ ਦਿੱਤਾ।

ਆਖਰ ਵੋਟਾਂ ਪਈਆਂ। ਗਿਣਤੀ ਹੋਈ। ਫੌਜੀ ਸੇਵਾ ਸਿੰਘ ਨੇ ਪਿਆਰੇ ਦੀ ਗੋਡਣੀ ਲਵਾ ਨਵਯੁੱਗ ਦਾ ਸੂਰਜ ਚਾੜ੍ਹ ਦਿੱਤਾ।

ਹੁਣ ਜਿੱਤੇ ਹੋਏ ਸਰਪੰਚ ਨੂੰ ਫੁੱਲਾਂ ਦੇ ਹਾਰਾਂ ਨਾਲ ਲੱਦ ਲੱਦ ਕੇ ਉਸ ਦੇ ਸਮਰਥਕ ਲੋਕਾਂ ਦਾ ਧੰਨਵਾਦ ਕਰਦੇ ਤੇ ਵੱਜਦੇ ਢੋਲ ਅੱਗੇ ਭੰਗੜੇ ਪਾਉਂਦੇ ਉਸ ਦੇ ਗ੍ਰਹਿ ਵੱਲ ਜਾ ਰਹੇ ਸੀ।

**ਸੁਰਜੀਤ ਦੇਵਲ**
**# 1098/490, ਸ਼ਿਵਪੁਰੀ, ਨੇੜੇ ਬਾਬਾ ਬਾਲਕ ਨਾਥ ਮੰਦਰ,**
**ਧੂਰੀ-148024 (ਸੰਗਰੂਰ) ਪੰਜਾਬ**
**ਮੋ. 92563-67202**

# ਨਿਬੰਧ

## ਵਫ਼ਾਦਾਰੀਆਂ ਤੇ ਦਲ ਬਦਲੀਆਂ !

**ਦਰਸ਼ਨ ਸਿੰਘ ਰਿਆੜ**

ਰਾਜਨੀਤਕ ਦਲ ਲੋਕਰਾਜ ਦਾ ਮੁੱਢਲਾ ਥੰਮ੍ਹ ਹਨ। ਉਂਜ ਤਾਂ ਅਜ਼ਾਦ ਮੈਂਬਰ ਵੀ ਚੋਣਾਂ ਲੜਨ ਦੇ ਪੂਰੀ ਤਰ੍ਹਾਂ ਯੋਗ ਹੁੰਦੇ ਹਨ ਪਰ ਜਦੋਂ ਸਤਾ ਦੀ ਗੱਲ ਆਉਂਦੀ ਹੈ ਤਾਂ ਕਿਸੇ ਨਾ ਕਿਸੇ ਰਾਜਨੀਤਕ ਗਰੁੱਪ,ਸੰਗਠਨ ਜਾਂ ਦਲ ਦੀ ਲੋੜ ਪੈਂਦੀ ਹੈ। ਲੋੜੀਂਦਾ ਬਹੁਮਤ ਪ੍ਰਾਪਤ ਕਰਨ ਵਾਲਾ ਦਲ ਹੀ ਆਪਣੇ ਨੇਤਾ ਦੀ ਅਗਵਾਈ ਵਿੱਚ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਦਾ ਹੈ ਤੇ ਫਿਰ ਦੇਸ਼ ਦਾ ਮੁਖੀ ਚਾਹੇ ਉਹ ਰਾਸ਼ਟਰਪਤੀ ਹੋਵੇ ਜਾਂ ਕੋਈ ਵੀ ਹੋਰ ਬਰਾਬਰ ਦਾ ਅਹੁਦੇਦਾਰ ਹੀ ਸਬੰਧਿਤ ਨੇਤਾ ਨੂੰ ਸਰਕਾਰ ਬਣਾਉਣ ਦਾ ਆਦੇਸ਼ ਦਿੰਦੇ ਹੈ।ਕਿਉਂਕਿ ਸਾਡਾ ਦੇਸ਼ ਭਾਰਤ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਤੇ ਏਥੇ ਅਕਸਰ ਕਿਸੇ ਨਾ ਕਿਸੇ ਰਾਜ ਵਿੱਚ ਵਿਧਾਨ ਸਭਾ ਲਈ ਚੋਣਾਂ ਜਾਂ ਉਪ ਚੋਣਾਂ ਹੁੰਦੀਆਂ ਹੀ ਰਹਿੰਦੀਆਂ ਹਨ।ਹਰ ਪੰਜ ਸਾਲ ਬਾਦ ਸੰਸਦ ਦੇ ਹੇਠਲੇ ਸਦਨ ਲੋਕ ਸਭਾ ਦੀਆਂ ਚੋਣਾਂ ਤੇ ਇੰਜ ਹੀ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਹੁੰਦੀਆਂ ਹਨ।ਹੇਠਲੇ ਪੱਧਰ ਤੇ ਸਥਾਨਕ ਸਰਕਾਰਾਂ ਜਿਨ੍ਹਾਂ ਵਿੱਚ ਪੰਚਾਇਤਾਂ, ਮਿਉਂਸਿਪਲ ਕਮੇਟੀਆਂ ਤੇ ਕਾਰਪੋਰੇਸ਼ਨਾਂ ਦੀਆਂ ਚੋਣਾਂ ਵੀ ਆਈਆਂ ਹੀ ਰਹਿੰਦੀਆਂ ਹਨ। ਲੋਕਰਾਜ ਕਿਉਂਕਿ ਲੋਕਾਂ ਦਾ ਰਾਜ ਕਹਾਉਂਦਾ ਹੈ ਤੇ ਇਹਨਾਂ ਸਾਰੇ ਨੁਮਾਇੰਦਿਆਂ ਦੀ ਚੋਣ ਦੇਸ਼ ਦੇ ਸਬੰਧਿਤ ਬਾਲਗ ਵੋਟਰਾਂ ਦੁਆਰਾ ਹੀ ਹੁੰਦੀ ਹੈ। ਹਰੇਕ ਵੋਟ ਦੀ ਬੜੀ ਅਹਿਮੀਅਤ ਹੁੰਦੀ ਹੈ। ਜਿਸ ਵੋਟ ਨਾਲ ਪ੍ਰਾਂਤ ਜਾਂ ਦੇਸ਼ ਦੀ ਸਰਕਾਰ ਚੁਣਨੀ ਹੋਵੇ ਉਹਦੀ ਮਹੱਤਤਾ ਵੀ ਤਾਂ ਹੋਵੇਗੀ ਹੀ।ਅਬਾਦੀ ਜ਼ਿਆਦਾ ਹੋਣ ਕਾਰਨ ਸਾਡੇ ਦੇਸ਼ ਦੇ ਵੋਟਰਾਂ ਦੀ ਸੰਖਿਆ ਵੀ ਬਹੁਤ ਵੱਡੀ ਹੈ।ਅਕਸਰ ਹਰ ਸਾਲ ਜਨਵਰੀ ਦੇ ਮਹੀਨੇ ਵੋਟਰ ਸੂਚੀਆਂ ਵਿੱਚ ਸੋਧ ਵੀ ਹੁੰਦੀ ਰਹਿੰਦੀ ਹੈ ਤਾਂ ਕਿ ਕੋਈ ਵੀ ਬਾਲਗ ਆਪਣੇ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਨਾ ਰਹੇ। ਜਿਵੇਂ ਜਿਵੇਂ ਸਮਾਂ ਬੀਤ ਰਿਹਾ ਹੈ ਰਾਜਨੀਤਕ ਪਾਰਟੀਆਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ।ਕਾਫ਼ੀ ਸਮਾਂ ਤਾਂ ਮੁੱਖ ਪਾਰਟੀਆਂ ਦੇ ਉਮੀਦਵਾਰ ਲਗਾਤਾਰ ਹੀ ਚੋਣਾਂ ਜਿੱਤ ਕੇ ਲੋਕ ਸਭਾ ਤੇ ਵਿਧਾਨ ਸਭਾਵਾਂ ਵਿੱਚ ਪਹੁੰਚ ਜਾਂਦੇ ਰਹੇ ਸਨ। ਪਰ ਹੁਣ ਜਾਗ੍ਰਿਤੀ ਆਉਣ ਨਾਲ ਤੇ ਸਤਾ ਸੁੱਖ ਭੋਗਣ ਤੇ ਵੇਖਣ ਨਾਲ ਰਾਜਸੀ ਲੋਕਾਂ ਵਿੱਚ ਰਾਜਨੀਤੀ ਵਿੱਚ ਪੈਰ ਪਸਾਰਨ ਦੀ ਹੋੜ ਜਿਹੀ ਲੱਗ ਗਈ ਹੈ। ਹਾਲਾਂ ਕਿ ਸੁਲਝੇ ਹੋਏ ਤੇ ਵਿਦਵਾਨ ਲੋਕ ਰਾਜਨੀਤੀ ਤੋਂ ਕੰਨੀ ਕਤਰਾਉਂਦੇ ਹੀ ਰਹੇ ਹਨ। ਦੇਸ਼ ਅਜ਼ਾਦ ਹੋਣ ਉਪਰੰਤ ਰਾਜਨੀਤੀ ਦੇ ਮੈਦਾਨ ਵਿੱਚ ਆਉਣ ਵਾਲੇ ਜ਼ਿਆਦਾ ਨੇਤਾ ਅਜ਼ਾਦੀ ਘੁਲਾਟੀਏ ਤੇ ਦੇਸ਼ ਭਗਤ ਸਨ।ਉਦੋਂ ਉਹਨਾਂ ਨੇਤਾਵਾਂ ਦੇ ਮਨਾਂ ਵਿੱਚ ਦੇਸ਼ ਸੇਵਾ ਤੇ ਦੇਸ਼ ਲਈ ਕੁਝ ਕਰ ਗੁਜ਼ਰਨ ਦੀ ਚਾਹਤ ਤੇ ਪੀੜ ਵੀ ਹੁੰਦੀ ਸੀ। ਸਵਦੇਸ਼ੀ ਖੱਦਰ ਦੇ ਕੱਪੜੇ ਪਹਿਨਣਾ

ਉਦੋਂ ਨੇਤਾਵਾਂ ਦੀ ਮੁੱਖ ਪਹਿਚਾਣ ਹੁੰਦੀ ਸੀ। ਜਵਾਹਰ ਲਾਲ ਨਹਿਰੂ ਤੇ ਲਾਲ ਬਹਾਦਰ ਸ਼ਾਸਤਰੀ ਪਹਿਲੇ ਦੋ ਪ੍ਰਧਾਨ ਮੰਤਰੀ ਉਸ ਸਮੇਂ ਦੇ ਅਜਿਹੇ ਨੇਤਾ ਸਨ। ਲਾਲ ਬਹਾਦਰ ਸ਼ਾਸਤਰੀ ਜੀ ਬਾਰੇ ਤਾਂ ਬੜਾ ਮਸ਼ਹੂਰ ਸੀ ਕਿ ਉਹ ਫ਼ਜ਼ੂਲ ਖ਼ਰਚੀ ਬਿਲਕੁਲ ਨਹੀਂ ਸਨ ਕਰਦੇ। ਉਹਨਾਂ ਦੇ ਇੱਕ ਹੀ ਕੋਟ ਦਾ ਕਿੱਸਾ ਬੜਾ ਵਜ਼ਨਦਾਰ ਸ਼ਖ਼ਸੀਅਤ ਦੀ ਹਾਮੀ ਭਰਦਾ ਹੈ। ਵਫਾਦਾਰੀ,ਨੈਤਿਕਤਾ ਤੇ ਜ਼ਿੰਮੇਵਾਰੀ ਉਦੋਂ ਨੇਤਾਵਾਂ ਦੇ ਖ਼ੂਨ ਵਿੱਚ ਭਰੀ ਹੁੰਦੀ ਸੀ। ਪਰ ਸਮੇਂ ਦੇ ਬੀਤਣ ਤੇ ਬਦਲਣ ਨਾਲ ਬਹੁਤ ਕੁਝ ਬਦਲ ਗਿਆ ਹੈ। ਹੁਣ ਵਫਾਦਾਰੀਆਂ,ਨੈਤਿਕਤਾ ਤੇ ਜ਼ਿੰਮੇਵਾਰੀ ਦੀ ਭਾਵਨਾ ਤਾਂ ਖੰਭ ਲਗਾ ਕੇ ਉੱਡ ਗਈ ਪ੍ਰਤੀਤ ਹੁੰਦੀ ਹੈ। ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿੱਚ ਹੀ ਸਾਡੇ ਦੇਸ਼ ਦੇ ਰਾਜਨੀਤਕ ਨੇਤਾਵਾਂ ਨੇ ਇੱਕ ਦੂਜੇ ਰਾਜਨੀਤਕ ਦਲ ਵਿੱਚ ਛੜੱਪੇ ਲਗਾ ਕੇ ਆਪਣੇ ਮਨਾਂ ਤੇ ਸੋਚ ਵਿੱਚ ਆਏ ਨਿਘਾਰ ਦਾ ਸਬੂਤ ਦੇਣਾ ਸ਼ੁਰੂ ਕਰ ਦਿੱਤਾ ਸੀ।ਹਰਿਆਣਾ ਪ੍ਰਾਂਤ ਦੇ ਇੱਕ ਨੇਤਾ ਨੇ ਉਦੋਂ ਇੱਕ ਹੀ ਦਿਨ ਵਿੱਚ ਤਿੰਨ ਵਾਰ ਆਪਣੀ ਰਾਜਨੀਤਕ ਪਾਰਟੀ ਬਦਲੀ ਸੀ। ਉਸ ਦੇ ਨਾਮ ਕਾਰਨ ਹੀ ਉਦੋਂ ਆਇਆ ਰਾਮ ਤੇ ਗਿਆ ਰਾਮ ਨਾਮ ਦੀ ਕਹਾਵਤ ਹੀ ਮਸ਼ਹੂਰ ਹੋ ਗਈ ਸੀ। ਫਿਰ ਹਰਿਆਣਾ ਪ੍ਰਾਂਤ ਦੇ ਹੀ ਮਸ਼ਹੂਰ ਨੇਤਾ ਚੌਧਰੀ ਭਜਨ ਲਾਲ ਨੇ ਆਪਣੇ ਜੰਤਾਂ ਦਲ ਦੇ ਮੈਂਬਰਾਂ ਦੀ ਵੱਡੀ ਗਿਣਤੀ ਨਾਲ ਸਮੂਹਿਕ ਦਲ ਬਦਲੀ ਕਰਕੇ ਕਾਂਗਰਸ ਪਾਰਟੀ ਵਿੱਚ ਸ਼ਮੂਲੀਅਤ ਕਰਕੇ ਆਪਣੀ ਸਰਕਾਰ ਕਾਇਮ ਰੱਖੀ ਸੀ।ਸਤਾ ਦਾ ਲਾਲਚ ਰਾਜਨੀਤਕ ਨੇਤਾਵਾਂ ਦੀ ਕਮਜ਼ੋਰੀ ਬਣ ਜਾਂਦਾ ਹੈ।ਜਦੋਂ ਕਮਜ਼ੋਰੀ ਜਾਂ ਲਾਲਚ ਪੈਦਾ ਹੋ ਜਾਵੇ ਫਿਰ ਵਫ਼ਾਦਾਰੀਆਂ ਤੇ ਨੈਤਿਕਤਾ ਕੌਣ ਯਾਦ ਰੱਖਦਾ ਹੈ। ਖੈਰ! ਅਜ਼ਾਦੀ ਬਹੁਤ ਮਹਾਨ ਆਦਰਸ਼ ਹੁੰਦੀ ਹੈ। ਫਿਰ ਸਾਡਾ ਸੰਵਿਧਾਨ ਹਰੇਕ ਨਾਗਰਿਕ ਨੂੰ ਕੋਈ ਵੀ ਧਰਮ ਗ੍ਰਹਿਣ ਕਰਨ ਤੇ ਰਾਜਨੀਤਕ ਦਲ ਵਿੱਚ ਸ਼ਾਮਲ ਹੋਣ ਜਾਂ ਨਵਾਂ ਦਲ ਬਣਾਉਣ ਦੀ ਆਗਿਆ ਦਿੰਦਾ ਹੈ। ਪਰ ਹਰੇਕ ਅਜ਼ਾਦੀ ਦੇ ਨਾਲ ਨਾਲ ਅਧਿਕਾਰ ਤੇ ਜ਼ਿੰਮੇਵਾਰੀਆਂ ਵੀ ਹੁੰਦੀਆਂ ਹਨ। ਸਾਡੇ ਰਾਜਨੇਤਾ ਅਧਿਕਾਰਾਂ ਬਾਰੇ ਤਾਂ ਬਹੁਤ ਜਾਗਰੂਕ ਹੁੰਦੇ ਹਨ ਪਰ ਜ਼ਿੰਮੇਵਾਰੀਆਂ ਪੱਖੋਂ ਊਣੇ ਰਹਿੰਦੇ ਹਨ। ਏਸੇ ਕਾਰਨ ਨੈਤਿਕ ਨਿਘਾਰ ਪੈਦਾ ਹੁੰਦਾ ਹੈ।ਨੇਤਾ ਕੋਈ ਛੋਟਾ ਲਫ਼ਜ਼ ਨਹੀਂ ਹੁੰਦਾ। ਕਿਸੇ ਗਰੁੱਪ ਦੀ ਅਗਵਾਈ ਤਾਂ ਕੀ ਇੱਕ ਘਰ ਦੀ ਕਮਾਨ ਸਾਂਭਣੀ ਹੀ ਬੜੀ ਮਹੱਤਵਪੂਰਨ ਹੁੰਦੀ ਹੈ। ਫਿਰ ਇੱਕ ਹਲਕਾ,ਇਕ ਪ੍ਰਾਂਤ ਤੇ ਇੱਕ ਦੇਸ਼! ਨੇਤਾ ਭਾਵ ਨੇਮ ਅਥਵਾ ਸਹੁੰ ਚੁੱਕ ਕੇ ਆਪਣੇ ਆਦਰਸ਼ ਦੀ ਪ੍ਰਾਪਤੀ ਵਾਲਾ ਤੇ ਤਾ ਤੋਂ ਭਾਵ ਤਿਆਗੀ,ਜਿਹੜਾ ਸਭ ਮੋਹ ਮਾਇਆ ਦੇ ਜੰਜਾਲ ਤੋਂ ਤਿਆਗ ਪ੍ਰਾਪਤ ਕਰਕੇ ਕੇਵਲ ਤੇ ਕੇਵਲ ਆਪਣੇ ਦੇਸ਼,ਪ੍ਰਾਂਤ ਤੇ ਫ਼ਰਜ਼ ਪ੍ਰਤੀ ਹੀ ਸੋਚੇ ਤੇ ਸਮਰਪਿਤ ਹੋਵੇ,ਉਸ ਨੂੰ ਨੇਤਾ ਕਿਹਾ ਜਾਂਦਾ ਹੇ। ਅੱਗੇ ਤੁਸੀਂ ਆਪ ਹੀ ਸੋਚ ਲਓ ਕਿ ਸਾਡੇ ਨੇਤਾ ਕਿੱਥੇ ਕੁ ਖਰੇ ਉੱਤਰਦੇ ਹਨ। ਮਨੁੱਖ ਇਸ ਬ੍ਰਹਿਮੰਡ ਦਾ ਸਭ ਤੋਂ ਉੱਤਮ ਜੀਵ ਹੈ।ਸਾਰੇ ਦਾ ਸਾਰਾ ਹੀ ਬ੍ਰਹਿਮੰਡ ਹੈ ਵੀ ਨਾਸਵਾਨ। ਸਾਰੇ ਗੁਰੂ ਪੀਰ ਰਹਿਬਰ ਏਸੇ ਸਚਾਈ ਦਾ ਢੰਡੋਰਾ ਪਿੱਟਦੇ ਰਹੇ ਹਨ। ਉਹਨਾਂ ਨੇ ਕਦੇ ਵੀ ਲਾਲਚ ਨਾਲ ਭੰਡਾਰ ਭਰਨ ਦੀ ਚਾਹਨਾਂ ਨਹੀਂ ਦਰਸਾਈ। ਵਿਗਿਆਨ ਮਨੁੱਖ ਨੂੰ ਨਵੀਂਆਂ ਨਵੀਂਆਂ ਤਕਨੀਕਾਂ ਤੇ ਖੋਜਾਂ ਰਾਹੀਂ ਜ਼ਿੰਦਗੀ ਨੂੰ ਸੁਖੀ ਤੇ ਖ਼ੁਸ਼ਹਾਲ ਬਣਾਉਣ ਦੀਆਂ ਵਿਉਂਤਾਂ ਦਰਸਾਉਂਦਾ ਰਹਿੰਦਾ ਹੈ।ਪਰ ਮਨੁੱਖ ਖ਼ੁਸ਼ੀ ਨੂੰ ਸੰਭਾਲਣ ਤੇ ਖ਼ੁਸ਼ ਹੋਣ ਦੀ ਬਿਜਾਏ ਆਪਣੀਆਂ ਪੁਸ਼ਤਾਂ ਲਈ ਜੋੜਨ ਤੇ ਜਮ੍ਹਾਂ ਕਰਨ ਵਿੱਚ ਲੱਗ ਜਾਂਦਾ ਹੈ। ਸਭ ਕੁਝ ਜਾਣਦਾ ਹੋਇਆ ਵੀ ਮਨੁੱਖ ਇਹ ਸਚਾਈ ਭੁੱਲ ਜਾਂਦਾ ਹੈ ਕਿ ਉਸ ਨੇ ਏਥੇ ਇਕ ਸੀਮਤ ਸਮੇਂ ਲਈ ਹੀ ਰਹਿਣਾ ਹੈ। ਅੱਗੇ ਪਿੱਛੇ ਵੱਲ ਝਾਤੀ ਮਾਰ ਕੇ ਵੇਖੀਏ ਕਿ ਸਾਡੇ ਤੋਂ ਪਹਿਲਾਂ ਕਿੰਨੇ ਲੋਕ ਏਥੇ ਆਏ ਤੇ ਤੁਰ ਗਏ। ਕਿੰਨਿਆਂ ਨੇ ਲਾਲਚ, ਹੰਕਾਰ, ਈਰਖਾ, ਚੋਰੀਆਂ, ਡਾਕੇ ਮਾਰੇ ਕਤਲੋਗਾਰਤ ਫੈਲਾਈ ਪਰ ਆਪ ਵੀ ਭੰਗ ਦੇ ਭਾੜੇ ਗਏ। ਨਾ ਕੋਈ ਟਿਕ ਸਕਿਆ ਨਾ ਕਿਸੇ ਨੇ ਟਿਕ ਸਕਣਾ। ਇਹ ਤਾਂ ਚਲੋ ਚਲੀ ਦਾ ਮੇਲਾ ਹੈ। ਫਿਰ ਭਈ ਜੀਓ ਤੇ ਜਿਊਣ ਦਿਓ ਦੀ ਨੀਤੀ ਨਾਲ ਇਸ ਰੰਗੀਲੇ ਜੀਵਨ ਨੂੰ ਕੁਰਹਿਤਾਂ ਰਹਿਤ ਰੰਗੀਨ ਬਣਾ ਕਿ ਕਿਉਂ ਨਾ ਜੀਵੀਆਂ ਜਾਵੇ। ਵੈਸੇ ਵੀ ਗੁਰਬਾਣੀ ਮਨੁੱਖ ਨੂੰ ਬਹੁਤ ਸੁਚੱਜੀ ਸੇਧ ਦਿੰਦੀ ਹੈ: ਪਾਪਾਂ ਬਾਝੋਂ ਹੋਵੇ ਨਹੀਂ ਮੋਇਆਂ ਸਾਥ ਨਾ ਜਾਈ, ਫਿਰ ਉਸ ਧਨ ਮਾਲ ਦੇ ਇਕੱਠੇ ਕਰਨ ਦਾ ਕੀ ਲਾਭ ਜਿਸ ਨੇ ਇਨਸਾਨ ਦਾ ਸਾਥ ਨਹੀਂ ਨਿਭਾਉਣਾ? ਜੇ ਸਿਕੰਦਰ ਨਹੀਂ ਰਿਹਾ, ਜਿਸ ਨੇ ਦੁਨੀਆ ਜਿੱਤਣ ਦੇ ਸੁਪਨੇ ਲਏ ਸਨ, ਸਾਧਨ ਵੀ ਮੌਜੂਦ ਸਨ ਪਰ ਆਖ਼ਰ ਖ਼ਾਲੀ ਹੱਥ ਕਫ਼ਨ ਵਿੱਚੋਂ ਬਾਹਰ ਕੱਢਣ ਦਾ ਸੰਦੇਸ਼ ਦੇ ਕੇ ਲੋਕਾਂ ਨੂੰ ਚੌਕਸ ਕਰ ਗਿਆ। ਪਰ ਸਮਝਦਾ ਕੌਣ ਹੈ? ਕਿਸੇ ਦੇ ਸਸਕਾਰ ਸਮੇਂ ਸ਼ਮਸ਼ਾਨ ਘਾਟ ਜਾਣ ਵਾਲੇ ਸਸਕਾਰ ਹੋਣ ਤੱਕ ਜ਼ਰੂਰ ਭੈਭੀਤ ਹੁੰਦੇ ਹਨ ਪਰ ਝੱਟ ਕੁ ਬਾਦ ਘਰ ਵੱਲ ਪਰਤਦੇ ਸਮੇਂ ਕਦੇ ਨਹੀਂ ਸੋਚਦੇ ਕਿ ਇੱਕ ਦਿਨ ਸਭ ਨੂੰ ਏਥੇ ਹੀ ਆਉਣਾ ਪੈਣਾ। ਮੁੱਕਦੀ ਗੱਲ ਰਾਜਨੀਤਕ ਦਲ ਬਣਾਉਣੇ ਜਾਂ ਬਦਲਣੇ ਲੋਕਰਾਜ ਦੀ ਸਫਲਤਾ ਲਈ ਮਾੜੇ ਨਹੀਂ ਹਨ। ਪਰ ਉਹ ਸਵਾਰਥ ਰਹਿਤ ਬਦਲੇ ਤੇ ਬਣਾਏ ਜਾਣ। ਹਰ ਨੇਤਾ,ਹਰ ਨਾਗਰਿਕ ਆਪਣੀ ਅਜ਼ਾਦੀ ਦਾ ਲਾਭ ਜ਼ਰੂਰ ਲਵੇ ਪਰ ਦੂਜਿਆਂ ਦੀ ਅਜ਼ਾਦੀ ਦਾ ਵੀ ਖ਼ਿਆਲ ਜ਼ਰੂਰ ਰੱਖੇ। ਨੈਤਿਕ ਕਦਰਾਂ ਕੀਮਤਾਂ ਦੀ ਪਾਲਣਾ ਕਰਨਾ ਵੀ ਓਨਾ ਹੀ ਜ਼ਰੂਰੀ ਹੈ ਜਿੰਨਾ ਕਿ ਸਰੀਰ ਨੂੰ ਜਿੰਦਾ ਰੱਖਣ ਲਈ ਖ਼ੁਰਾਕ! ਦੇਸ਼ ਦੀ ਸੰਸਦ ਨੇ ਬੜਾ ਸੋਹਣਾ ਦਲ ਬਦਲੀ ਕਨੂੰਨ ਵੀ ਬਣਾਇਆ ਹੋਇਆ ਹੈ।ਉਹਦੀ ਭਾਵਨਾ ਅਨੁਸਾਰ ਵੀ ਖ਼ੁਦ ਨੂੰ ਢਾਲ ਲਿਆ ਜਾਵੇ ਤਾਂ ਬਿਹਤਰ ਹੈ। ਨੈਤਿਕ ਜ਼ਿੰਮੇਵਾਰੀ ਤਾਂ ਇਹੀ ਕਹਿੰਦੀ ਹੈ ਕਿ ਜੇ ਵਫ਼ਾਦਾਰੀ ਬਦਲਣੀ ਹੈ ਤਾਂ ਅਸਤੀਫ਼ਾ ਦੇ ਕੇ ਬਦਲੀ ਜਾਵੇ ਤਾਂ ਹੀ ਸੋਭਦੀ ਹੈ। ਵਫ਼ਾਦਾਰੀਆਂ ਬਦਲਣਾ ਕੋਈ ਬਹੁਤਾ ਚੰਗਾ ਕਰਮ ਨਹੀਂ ਹੁੰਦਾ। ਫਿਰ ਵੀ ਜੇ ਇਨਸਾਨ ਦੇ ਵਿਚਾਰ ਤੇ ਵਿਚਾਰਧਾਰਾ ਬਦਲਦੀ ਹੈ ਤਾਂ ਨਵੀਂ ਵਿਚਾਰਧਾਰਾ ਗ੍ਰਹਿਣ ਕਰਨ ਤੋਂ ਪਹਿਲਾਂ ਪੁਰਾਣੀ ਤੋਂ ਅਸਤੀਫ਼ਾ ਦੇ ਕੇ ਨੈਤਿਕ ਤੌਰ ਤੇ ਨੇਤਾ ਲੋਕਾਂ ਲਈ ਬੜਾ ਜ਼ਰੂਰੀ ਹੈ। ਨਵੇਂ ਪਲੇਟਫ਼ਾਰਮ ਵਾਲਿਆਂ ਨੂੰ ਵੀ ਪੈਰਾਸ਼ੂਟ ਰਾਹੀ ਆਏ ਮਹਿਮਾਨਾਂ ਲਈ ਪਰਖ ਦਾ ਸਮਾਂ ਰੱਖਣਾ ਵੀ ਲੋਕਰਾਜ ਦੀ ਸਫਲਤਾ ਲਈ ਬੜਾ ਅਹਿਮ ਹੈ। ਪਰ ਕਾਹਲੀ ਵਿੱਚ ਕੋਈ ਵੀ ਪ੍ਰਵਾਹ ਨਹੀਂ ਕਰਦਾ ਹਾਲਾਂਕਿ ਕਾਹਲੀ ਅੱਗੇ ਹਮੇਸ਼ਾ ਟੋਏ ਹੁੰਦੇ ਹਨ। ਨੈਤਿਕ ਕਦਰਾਂ ਕੀਮਤਾਂ ਹੀ ਤਾਂ ਮਨੁੱਖ ਮਾਤਰ ਦਾ ਅਸਲ ਗਹਿਣਾ ਹੁੰਦੀਆਂ ਹਨ। ਲਾਲਚ ਬੁਰੀ ਬਲਾ ਹੈ, ਸਿਆਣੇ ਕਹਿੰਦੇ

ਹਨ। ਵਰਨਾ ਟਰੰਪ ਸਾਹਿਬ ਤਾਂ ਰੋਜ਼ ਕੈਨੇਡਾ ਨੂੰ ਆਪਣੀ 51ਵੀਂ ਸਟੇਟ ਬਣਾਉਣ ਦੇ ਸੁਪਨੇ ਲੈਂਦੇ ਰਹਿੰਦੇ ਨੇ। ਆਮੀਨ!

ਮੋ: 93163-11677

-0-

## ਮੁਖੌਟੇ

**ਡਾ. ਨਿਸ਼ਾਨ ਸਿੰਘ ਰਾਠੌਰ**

ਅੱਜ ਦੇ ਦੌਰ ਵਿੱਚ ਬਹੁਤੇ ਬੰਦੇ ਚਿਹਰਿਆਂ ਉੱਤੇ ਬਨਾਵਟੀ ਮੁਖੌਟੇ ਧਾਰਨ ਕਰਕੇ ਤੁਰੇ ਫਿਰਦੇ ਜਾਪਦੇ ਹਨ। ਬੰਦਿਆਂ ਦੇ ਅਸਲ ਚਿਹਰੇ ਕੁਝ ਹੋਰ ਹੁੰਦੇ ਹਨ ਪਰ! ਦਿਖਾਵਾ ਕੁਝ ਹੋਰ ਕਰਦੇ ਹਨ। ਕਹਿਣ ਤੋਂ ਭਾਵ ਬੰਦਿਆਂ ਦੇ ਮਨ ਦੀ ਬਿਰਤੀ ਵੱਖਰੀ ਕਿਸਮ ਦੀ ਹੁੰਦੀ ਹੈ ਅਤੇ ਉਹ ਪ੍ਰਗਟਾਵਾ ਕੁਝ ਹੋਰ ਕਰ ਰਹੇ ਹੁੰਦੇ ਹਨ। ਇਸਦਾ ਇੱਕ ਪ੍ਰਤੱਖ ਉਦਾਹਰਣ ਇਹ ਦੇਖਿਆ ਜਾ ਸਕਦਾ ਹੈ ਕਿ ਲੋਕਾਂ ਵੱਲੋਂ ਜਿੰਨੀ ਸਿਆਣਪ ਸੋਸ਼ਲ- ਮੀਡੀਆ ਉੱਪਰ ਪੇਸ਼ ਕੀਤੀ ਜਾਂਦੀ ਹੈ ਜਾਂ ਦਿਖਾਈ ਜਾਂਦੀ ਹੈ ਜੇਕਰ ਉਸਦਾ ਅੱਧਾ ਹਿੱਸਾ ਵੀ ਅਸਲ ਜ਼ਿੰਦਗੀ ਵਿੱਚ ਧਾਰਨ ਕਰ ਲਿਆ ਜਾਵੇ ਤਾਂ ਅਜੋਕਾ ਸਮਾਜ ਖ਼ੁਦ ਬ ਖ਼ੁਦ ਸੁਧਰ ਜਾਵੇਗਾ। ਫੇਰ ਕਿਸੇ ਨੂੰ ਸਮਝਣ- ਸਮਝਾਉਣ ਦੀ ਲੋੜ ਨਹੀਂ। ਫੇਰ ਵੱਡੇ- ਵੱਡੇ ਲੈਕਚਰ ਦੇਣ ਦੀ ਲੋੜ ਨਹੀਂ। ਫੇਰ ਧਰਮਗੁਰੂਆਂ ਨੂੰ ਟੈਲੀਵਿਜ਼ਨਾਂ 'ਤੇ ਬੈਠ ਕੇ ਪ੍ਰਵਚਨ ਦੇਣ ਦੀ ਲੋੜ ਨਹੀਂ। ਪਰ! ਇਹ ਸਭ ਕੁਝ ਦਿਖਾਵੇ ਕਰਕੇ ਕੀਤਾ ਜਾਂਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਅਜੋਕੇ ਸਮਾਜ ਦਾ ਮਨੁੱਖ ਅੰਦਰੋਂ ਕੁਝ ਹੋਰ ਹੈ ਅਤੇ ਬਾਹਰੋਂ ਕੁਝ ਹੋਰ।

ਦੂਜੇ ਪਾਸੇ, ਮੁਖੌਟਿਆਂ ਦੀ ਇਸ ਭੀੜ ਵਿੱਚ ਕੌਣ ਸੱਚਾ ਹੈ ਅਤੇ ਕੌਣ ਝੂਠਾ? ਇਹ ਪਤਾ ਕਰਨਾ ਬਹੁਤ ਮੁਸ਼ਕਿਲ ਕਾਰਜ ਬਣ ਗਿਆ ਹੈ। ਖ਼ੈਰ! ਇਸੇ ਕਰਕੇ ਅੱਜ ਕਿਸੇ ਉੱਤੇ ਝੱਟਪਟ ਵਿਸ਼ਵਾਸ ਕਰਨ ਦਾ ਦੌਰ ਨਹੀਂ ਰਿਹਾ। ਕਈ ਵਾਰ ਅਸੀਂ ਸਹੀ, ਸੱਚੇ ਅਤੇ ਇਮਾਨਦਾਰ ਬੰਦੇ ਉੱਪਰ ਵੀ ਯਕੀਨ ਨਹੀਂ ਕਰਦੇ। ਇਸ ਦਾ ਕਾਰਨ ਇਹ ਹੈ ਕਿ ਅੱਜ ਲੋਕਾਂ ਦੀ ਭੀੜ ਵਿੱਚ ਮੁਖੌਟੇ ਜ਼ਿਆਦਾ ਤੇ ਅਸਲ ਚਿਹਰੇ ਘੱਟ ਦੇਖਣ ਨੂੰ ਮਿਲਦੇ ਹਨ। ਜਦੋਂ ਕਿਸੇ ਬੰਦੇ ਨੂੰ 'ਕੰਮ' ਹੁੰਦਾ ਹੈ ਤਾਂ ਉਹ ਬਿਲਕੁਲ ਪਿਆਰ ਨਾਲ ਪੇਸ਼ ਆਉਂਦਾ ਹੈ। ਉਸਦੀ ਬੋਲੀ ਮਿੱਠੀ ਹੋ ਜਾਂਦੀ ਹੈ।

ਖ਼ਬਰੇ! ਇਸੇ ਕਰਕੇ ਕਿਹਾ ਜਾਂਦਾ ਹੈ ਕਿ ਦੁਨੀਆਂ ਦੀ ਸਭ ਤੋਂ ਮਿੱਠੀ ਬੋਲੀ "ਮਤਲਬ ਦੀ ਬੋਲੀ"ਹੁੰਦੀ ਹੈ। ਜਦੋਂ ਕਿਸੇ ਬੰਦੇ ਨੂੰ ਤੁਹਾਡੇ ਨਾਲ ਮਤਲਬ ਹੁੰਦਾ ਹੈ ਤਾਂ ਉਸਦਾ ਵਿਹਾਰ ਅਤੇ ਬੋਲਬਾਣੀ ਉੱਕਾ ਹੀ ਬਦਲ ਜਾਂਦੀ ਹੈ। ਉਹ ਪ੍ਰੇਮ ਦੀ ਬੋਲੀ ਬੋਲਣ ਲੱਗਦਾ ਹੈ। ਪਰ! ਜਦੋਂ ਮਤਲਬ ਨਿਕਲ ਜਾਂਦਾ ਹੈ ਜਾਂ ਤੁਸੀਂ ਕੋਈ ਹੱਥ- ਪੱਲਾ ਨਹੀਂ ਫੜਾਉਂਦੇ ਤਾਂ ਉਸਦਾ ਵਿਹਾਰ ਅਤੇ ਬੋਲਬਾਣੀ ਝੱਟ ਬਦਲ ਜਾਂਦੀ ਹੈ। ਚੰਦ ਸਕਿੰਟ ਪਹਿਲਾਂ ਤੁਹਾਨੂੰ ਆਪਣਾ ਪਿਆਰਾ ਸਮਝਣ ਵਾਲਾ/ ਪਿਆਰ ਜਤਾਉਣ ਵਾਲਾ ਸ਼ਖ਼ਸ਼ ਝੱਟ ਅੱਖਾਂ ਫੇਰ ਲੈਂਦਾ ਹੈ। ਕਈ ਵਾਰ ਅਜਿਹੀ ਸਥਿਤੀ ਆਉਂਦੀ ਹੈ ਕਿ ਉਹ ਬੋਲਣਾ ਤਾਂ ਦੂਰ ਦੀ ਗੱਲ; ਤੁਹਾਡੇ ਵੱਲ ਦੇਖਦਾ ਤੱਕ ਨਹੀਂ। ਇਹੀ ਮੁਖੌਟਿਆਂ ਦੀ ਪਛਾਣ ਹੁੰਦੀ ਹੈ। ਇਨ੍ਹਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ।

ਬਾਬਾ ਫ਼ਰੀਦ ਜੀ ਕਹਿੰਦੇ ਹਨ ਕਿ ਜਿਹੜੇ ਮਨੁੱਖ ਦੇ ਮਨ ਵਿੱਚ ਕੁਝ ਹੋਰ ਹੁੰਦਾ ਹੈ ਅਤੇ ਮੂੰਹ ਤੇ ਕੁਝ ਹੋਰ; ਉਹ ਮਨੁੱਖ ਪ੍ਰਭੂ ਦੇ ਦਰ 'ਤੇ ਪ੍ਰਵਾਨ ਨਹੀਂ ਹੁੰਦੇ। ਉਹ ਮਨੁੱਖ ਅਸਲੋਂ ਕੱਚੇ ਹੁੰਦੇ ਹਨ ਅਤੇ ਉਨ੍ਹਾਂ ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ;

"ਦਿਲਹੁ ਮੁਹਬਤਿ ਜਿੰਨ ? ਸੇਇ ਸਚਿਆ।।
ਜਿਨ ? ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ।।"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 488)

ਦੂਜੇ ਪਾਸੇ, ਜਿਨ੍ਹਾਂ ਮਨੁੱਖਾਂ ਦਾ ਰੱਬ ਨਾਲ ਦਿਲੋਂ ਪਿਆਰ ਹੁੰਦਾ ਹੈ, ਉਹੀ ਸੱਚੇ (ਆਸ਼ਕ) ਹਨ। ਪਰ! ਜਿਨ੍ਹਾਂ ਦੇ ਮਨ ਵਿੱਚ ਕੁਝ ਹੋਰ ਹੈ ਅਤੇ ਮੂੰਹੋਂ ਕੁਝ ਹੋਰ ਆਖਦੇ ਹਨ ਉਹ ਕੱਚੇ (ਆਸ਼ਕ) ਆਖੇ ਜਾਂਦੇ ਹਨ। ਅਜਿਹੇ ਮਨੁੱਖ ਆਪਣੇ ਕਰਮਾਂ ਦੇ ਨਤੀਜੇ ਕਰਕੇ ਸਦਾ ਖ਼ੁਆਰ ਹੁੰਦੇ ਰਹਿੰਦੇ ਹਨ ਅਤੇ ਪ੍ਰਮਾਤਮਾ ਦੇ ਦਰ 'ਤੇ ਕਦੇ ਪ੍ਰਵਾਨ ਨਹੀਂ ਹੁੰਦੇ। ਖ਼ੈਰ!

ਅੱਜ ਦੇ ਸੰਦਰਭ ਵਿੱਚ ਗੱਲ਼ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਅੱਜ ਅਜਿਹੇ ਲੋਕਾਂ ਦੀ ਭੀੜ ਜ਼ਿਆਦਾ ਹੈ ਜਿਹੜੇ ਆਪਣੇ ਸਵਾਰਥ ਲਈ ਮੋਹ- ਮੁਹੱਬਤ ਦਾ ਸਵਾਂਗ (ਨਾਟਕ) ਵਧੇਰੇ ਕਰਦੇ ਹਨ ਪਰ! ਅੰਦਰੋਂ ਕੁਝ ਹੋਰ ਹੁੰਦੇ ਹਨ। ਇਸ ਤਰ੍ਹਾਂ ਦੇ ਲੋਕਾਂ ਦੇ ਅਜਿਹੇ ਵਰਤਾਰੇ ਕਰਕੇ ਕਈ ਵਾਰ ਸਹੀ ਅਤੇ ਸੱਚੇ ਬੰਦੇ ਵੀ ਧੋਖ਼ੇ (ਲੁੱਟ) ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਕਰਕੇ ਕਈ ਵਾਰ ਸਹੀ ਤੇ ਸੱਚੇ ਬੰਦੇ ਦੀ ਮੱਦਦ ਵੀ ਲੋਕ ਨਹੀਂ ਕਰਦੇ। ਪਰ! ਇਸ ਵਰਤਾਰੇ ਲਈ ਮੁਖੌਟਿਆਂ ਪਿੱਛੇ ਲੁਕੇ ਚਿਹਰੇ ਹੀ ਵਧੇਰੇ ਜ਼ਿੰਮੇਵਾਰ ਹੁੰਦੇ ਹਨ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਵੀ ਅਜਿਹੇ ਮਨੁੱਖਾਂ ਬਾਰੇ ਜ਼ਿਕਰ ਮਿਲਦਾ ਹੈ ਜਿਹੜੇ ਬਗੁਲੇ ਵਾਂਗ ਧਿਆਨ ਲਗਾਉਣ ਦਾ ਨਾਟਕ ਕਰਦੇ ਹਨ ਪਰ! ਉਨ੍ਹਾਂ ਦੀ ਨਜ਼ਰ ਸਰੋਵਰ ਦੀਆਂ ਮੱਛੀਆਂ 'ਤੇ ਹੀ ਹੁੰਦੀ ਹੈ। ਜਿਸ ਤਰ੍ਹਾਂ ਬਗੁਲਾ ਮਾਨਸਰੋਵਰ ਦੇ ਕੰਢੇ 'ਤੇ ਧਿਆਨ ਲਗਾ ਕੇ (ਮੱਛੀਆਂ) ਨੂੰ ਧੋਖ਼ਾ ਦਿੰਦਾ ਹੈ; ਇਸ ਤਰੀਕੇ ਨਾਲ ਮੁਖੌਟਿਆਂ ਪਿੱਛੇ ਲੁਕੇ ਚਿਹਰੇ ਚੰਗਿਆਈ ਦਾ ਆਡੰਬਰ (ਸਵਾਂਗ) ਰਚ ਕੇ ਆਮ ਲੋਕਾਂ ਨੂੰ ਗੁੰਮਰਾਹ ਕਰਦੇ ਹਨ;

"ਬਗੁਲ ਸਮਾਧਿ ਲਗਾਇ ਕੈ ਬੈਠਾ ਜਾਇ ਮਾਨਸਰੋਵਰੁ।।"

(ਵਾਰਾਂ ਭਾਈ ਗੁਰਦਾਸ ਜੀ, ਵਾਰ- 15, ਪਉੜੀ- 21)

ਇਸ ਵਾਰ ਵਿੱਚ ਭਾਈ ਸਾਹਿਬ ਨੇ ਮੀਣੇ (ਕਪਟੀ) ਅਤੇ ਠੱਗਾਂ ਦੇ ਜੀਵਨ ਬਾਰੇ ਦੱਸਿਆ ਹੈ ਕਿ ਉਹ ਕਿਵੇਂ ਵਿਸ਼ਵਾਸਘਾਤ ਕਰਦੇ ਹਨ? ਉਨ੍ਹਾਂ ਨੇ ਲਿਖਿਆ ਹੈ ਕਿ ਜਿਵੇਂ ਕੋਈ ਠੱਗ ਕਿਸੇ ਮੁਸਾਫ਼ਰ ਨੂੰ ਰਸਤੇ ਵਿੱਚ ਮਿਲ ਕੇ ਮਿੱਠੀਆਂ ਗੱਲਾਂ ਕਰਦਾ ਹੈ ਪਰ! ਅੰਤ ਵਿੱਚ ਉਸਦਾ ਗਲ਼ਾ ਘੁੱਟ ਦਿੰਦਾ ਹੈ। ਪਾਖੰਡੀ ਬੰਦਾ ਵੀ ਉਸੇ ਤਰ੍ਹਾਂ ਦਾ ਹੁੰਦਾ ਹੈ ਜਿਹੜਾ ਅੰਦਰੋਂ ਹੋਰ ਅਤੇ ਬਾਹਰੋਂ ਹੋਰ ਹੁੰਦਾ ਹੈ। ਉਨ੍ਹਾਂ ਦੇ ਸੁਭਾਅ ਵਿੱਚ ਇਹ ਮਿੱਠਾਪਣ ਅਤੇ ਨਿਮਰਤਾ ਸਿਰਫ਼ ਧੋਖ਼ੇ ਦਾ ਇੱਕ ਹੱਥਿਆਰ ਹੀ ਹੁੰਦਾ ਹੈ ਹੋਰ ਕੁਝ

ਨਹੀਂ।

ਇਸ ਸੰਬੰਧ ਵਿੱਚ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਸ਼ਬਦ ਵੀ ਦੇਖਿਆ ਜਾ ਸਕਦਾ ਹੈ ਜਿਹੜਾ ਉਨ੍ਹਾਂ ਨੇ ਸੱਜਣ ਠੱਗ ਦੇ ਪ੍ਰਥਾਇ ਉਚਾਰਨ ਕੀਤਾ ਸੀ। ਸੱਜਣ ਠੱਗ ਦਾ ਅਸਲ ਚਿਹਰਾ ਕੁਝ ਹੋਰ ਸੀ ਪਰ! ਉਹ ਧਾਰਮਿਕ ਲਿਬਾਸ ਦੀ ਆੜ ਵਿੱਚ ਗਲਤ ਕੰਮ ਕਰਦਾ ਸੀ ਅਤੇ ਆਮ ਲੋਕਾਂ ਨੂੰ ਲੁੱਟਦਾ ਸੀ ਅਤੇ ਮਾਰ ਦਿੰਦਾ ਸੀ;

"ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।।
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ।।"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਰਾਗ ਸੂਹੀ, ਮਹਲਾ- 1, ਅੰਗ- 729)

ਅਤੇ

"ਗਲੀ ਅਸੀ ਚੰਗੀਆ ਆਚਾਰੀ ਬੁਰੀਆਹ।।
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ।।"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 85)

ਗੱਲਾਂ ਨਾਲ ਚੰਗੇ ਬਣਨ ਵਾਲੇ ਲੋਕ ਅਸਲ ਵਿੱਚ ਕੁਝ ਹੋਰ ਹੁੰਦੇ ਹਨ ਅਤੇ ਬਾਹਰ ਚਿੱਟੇ ਕੱਪੜੇ ਧਾਰਨ ਕਰਨ ਨਾਲ ਕਿਸੇ ਮਨੁੱਖ ਦਾ ਹਿਰਦਾ ਸ਼ੁੱਧ ਨਹੀਂ ਹੋ ਜਾਂਦਾ ਬਲਕਿ ਅੰਦਰਲੀ ਵਿਚਾਰਧਾਰਾ ਨਾਲ ਹੀ ਬੰਦਾ ਸਹੀ, ਸੱਚਾ ਅਤੇ ਨੇਕ ਮੰਨਿਆ ਜਾ ਸਕਦਾ ਹੈ।

ਖ਼ੈਰ! ਆਧੁਨਿਕ ਸੰਦਰਭ ਵਿੱਚ ਗੱਲ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਇਸ ਤਰ੍ਹਾਂ ਦੇ ਲੋਕ ਮੁਖੌਟਿਆਂ ਪਿੱਛੇ ਲੁਕ ਕੇ ਆਮ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ ਅਤੇ ਫੇਰ ਮਤਲਬ ਨਿਕਲ ਜਾਣ ਤੋਂ ਬਾਅਦ ਅੱਖ ਤੱਕ ਨਹੀਂ ਮਿਲਾਉਂਦੇ। ਪੰਜਾਬੀ ਸਾਹਿਤ ਵਿੱਚ ਅਨੇਕਾਂ ਸ਼ੇਅਰ, ਕਵਿਤਾਵਾਂ ਮਿਲ ਜਾਣਗੀਆਂ ਜਿਨ੍ਹਾਂ ਵਿੱਚ ਇਨ੍ਹਾਂ ਮੁਖੌਟਿਆਂ ਦੀ ਅਸਲੀਅਤ ਬਾਰੇ ਵਿਸਥਾਰ- ਪੂਰਵਕ ਜ਼ਿਕਰ ਮਿਲਦਾ ਹੈ;

"ਲੱਗੇ ਹੋਏ ਨੇ ਸਾਰੇ ਇੱਥੇ ਮਤਲਬਾਂ ਦੇ ਅਹਿਰ ਵਿੱਚ
ਇੱਕ ਨਾ ਲੱਭਿਆ ਚਿਹਰਾ ਮੁਖੌਟਿਆਂ ਦੇ ਸ਼ਹਿਰ ਵਿੱਚ।"(ਬਲਵਾਨ ਔਜਲਾ)

ਅਤੇ

"ਚਿਹਰੇ ਉੱਤੇ ਮੁਖੌਟਾ ਲੋਕੀਂ ਲਾ ਰਹੇ ਨੇ ਇਸ ਤਰ੍ਹਾਂ
ਚਿੱਕੜ ਨੂੰ ਸਰਵਰ ਜਤਾ ਰਹੇ ਨੇ ਜਿਸ ਤਰ੍ਹਾਂ।"(ਬਲਵਾਨ ਔਜਲਾ)

ਇਸੇ ਤਰ੍ਹਾਂ ਕੁਝ ਹੋਰ ਸ਼ੇਅਰਾਂ ਨੂੰ ਦੇਖਿਆ ਜਾ ਸਕਦਾ ਹੈ ਜਿੱਥੇ ਬੰਦੇ ਭੇਖ ਦਾ ਜੀਵਨ ਜਿਉਂਦੇ ਦੇਖੇ ਜਾ ਸਕਦੇ ਹਨ;

"ਬੰਦੇ, ਬੰਦਾ ਮਾਰ ਕੇ ਢਿੱਡ ਵਿੱਚ ਪਾਈ ਫਿਰਦੇ ਨੇ
ਕਿੰਨੇ ਚਿਹਰੇ, ਚਿਹਰੇ ਉੱਤੇ ਲਾਈ ਫਿਰਦੇ ਨੇ।"(ਨਿਸ਼ਾਨ ਸਿੰਘ ਰਾਠੌਰ)

ਚਿਹਰਿਆਂ ਉੱਤੇ ਲੱਗੇ ਮੁਖੌਟੇ ਹੀ ਆਮ ਅਤੇ ਸਿੱਧੇ- ਸਾਦੇ ਲੋਕਾਂ ਨੂੰ ਭਰਮ ਵਿੱਚ ਪਾ ਦਿੰਦੇ ਹਨ ਅਤੇ ਫੇਰ ਸ਼ੁਰੂ ਹੁੰਦਾ ਹੈ ਲੁੱਟ ਦਾ ਸਿਲਸਿਲਾ। ਖ਼ੈਰ!

ਇਸ ਤਰ੍ਹਾਂ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਅੱਜ ਦੇ ਮਨੁੱਖ ਲਈ ਮੁਖੌਟਿਆਂ ਦੀ ਭੀੜ ਵਿੱਚ ਅਸਲ ਚਿਹਰੇ ਦੇਖਣੇ ਅਤੇ ਪਛਾਣਨੇ ਬੇਹੱਦ ਕਠਿਨ ਕਾਰਜ ਹੋ ਗਿਆ ਹੈ। ਸਿਆਣੇ ਅਤੇ ਵਿਦਵਾਨ ਬੰਦੇ ਵੀ ਕਈ ਵਾਰ ਇਨ੍ਹਾਂ ਮੁਖੌਟਿਆਂ ਦੇ ਭਰਮਜਾਲ਼ ਵਿੱਚ ਉਲਝ ਕੇ ਰਹਿ ਜਾਂਦੇ ਹਨ ਅਤੇ ਖ਼ਤਾ (ਧੋਖ਼ਾ) ਖਾ ਜਾਂਦੇ ਹਨ। ਇਸ ਕਰਕੇ ਅੱਜ ਦੇ ਦੌਰ ਵਿੱਚ ਲੋਕਾਂ ਵਿੱਚ ਯਕੀਨ ਕਰਨ- ਕਰਾਉਣ ਦੀ ਘਾਟ ਦੇਖਣ ਨੂੰ ਮਿਲ ਰਹੀ ਹੈ।

ਆਖ਼ਰ ਵਿੱਚ; ਮੁਖੌਟਿਆਂ ਉਹਲੇ ਲੁਕੇ ਚਿਹਰਿਆਂ ਨੂੰ ਪਛਾਣ ਕੇ ਸਹੀ ਬੰਦੇ ਦੀ ਮੱਦਦ ਕਰਨੀ ਚਾਹੀਦੀ ਹੈ ਅਤੇ ਲੋਕਾਂ ਨੂੰ ਆਪਣੀ ਬਿਰਤੀ ਦੇ ਮੁਤਾਬਕ 'ਅਸਲ' ਚਿਹਰੇ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ। ਖ਼ਾਸ ਗੱਲ ਇਹ ਹੈ ਕਿ ਕਿਸੇ ਬੰਦੇ ਨੂੰ ਜ਼ਿੰਦਗੀ ਵਿੱਚ ਸਿਰਫ਼ ਇੱਕੋ ਵਾਰ ਹੀ ਠੱਗਿਆ ਜਾ ਸਕਦਾ ਹੈ, ਵਾਰ- ਵਾਰ ਨਹੀਂ। ਇਸ ਲਈ ਸਹੀ, ਸੱਚੇ, ਨੇਕ ਅਤੇ ਅਸਲ ਚਿਹਰਿਆਂ ਵਾਲੇ ਮਿੱਤਰ ਬਣਾਓ ਅਤੇ ਮੁਖੌਟਿਆਂ ਪਿੱਛੇ ਲੁਕੇ ਚਿਹਰਿਆਂ ਦੇ ਅਸਲ ਰੰਗ ਪਛਾਣੋ ਤਾਂ ਕਿ ਕਿਸੇ ਠੱਗੀ ਅਤੇ ਨੁਕਸਾਨ ਤੋਂ ਬਚਿਆ ਜਾ ਸਕੇ। ਜਿਉਂਦੇ- ਵੱਸਦੇ ਰਹੋ ਸਾਰੇ।

**ਸੰਪਰਕ**- **90414-98009**

***

## 'ਹੈਲੋ ਮਿਸਟਰ ਲਖਬੀਰ....'

**-ਦਲਜੀਤ ਸਿੰਘ ਰਤਨ**

ਪਿਛਲੇ ਦਿਨੀਂ ਮੈਂ ਗੈਰ ਕਾਨੂੰਨੀ ਪਰਵਾਸ ਬਾਰੇ ਇਕ ਲੇਖ ਪੜ੍ਹ ਰਿਹਾ ਸਾਂ ਤਾਂ ਮੇਰੇ ਦਿਮਾਗ ਵਿਚ ਉਹ ਗੱਲਾਂ ਘੁੰਮਣ ਲੱਗ ਪਈਆਂ ਜਿਹੜੀਆਂ ਇੰਗਲੈਂਡ ਵਿਚ ਮੇਰੇ ਸਾਹਮਣੇ ਵਾਪਰੀਆਂ ਸਨ। ਇੰਗਲੈਂਡ ਫੇਰੀ ਦੌਰਾਨ ਜਦੋਂ ਮੈਂ ਵਾਪਸ ਆਉਣਾ ਸੀ ਤਾਂ ਅਖੀਰਲੇ ਦਿਨਾਂ ਵਿਚ ਮੈਂ ਆਪਣੇ ਕੁਝ ਦੋਸਤਾਂ ਨੂੰ ਮਿਲਣ ਸਕਾਟਲੈਂਡ ਦੇ ਸ਼ਹਿਰ ਹੈਮਿਲਟਨ ਚਲਾ ਗਿਆ। ਉਥੇ ਮੇਰਾ ਦੋ ਕੁ ਦਿਨ ਰਹਿਣ ਦਾ ਪ੍ਰੋਗਰਾਮ ਸੀ। ਮੇਰੇ ਦੋਸਤਾਂ ਨੇ ਪ੍ਰੋਗਰਾਮ ਬਣਾਇਆ ਸੀ ਕਿ ਸ਼ਨੀਵਾਰ ਤੇ ਐਤਵਾਰ ਨੂੰ ਅਸੀਂ ਘੁੰਮਣ ਚੱਲਾਂਗੇ। ਮੈਂ ਸ਼ੁਕਰਵਾਰ ਉਨ੍ਹਾਂ ਕੋਲ ਪਹੁੰਚ ਗਿਆ। ਸ਼ਾਮ ਨੂੰ ਤਿਆਰ ਰਹਿਣ ਦਾ ਕਹਿ ਕੇ ਮੇਰੇ ਦੋਸਤ ਸ਼ਨੀਵਾਰ ਸਵੇਰੇ ਕੰਮਾਂ 'ਤੇ ਚਲੇ ਗਏ ਕਿ ਉਹ ਅੱਧੀ ਛੁੱਟੀ ਕਰਕੇ ਆ ਜਾਣਗੇ। ਖੈਰ ਮੈਂ ਕੇਸੀਂ ਇਸ਼ਨਾਨ ਕਰਕੇ 11 ਕੁ ਵਜੇ ਲੰਮਾ ਪਿਆ ਹੋਇਆ ਸੀ। ਬਾਹਰ ਦਰਵਾਜ਼ੇ 'ਤੇ ਘੰਟੀ ਵੱਜੀ। ਮੈਂ ਕਮਰੇ ਦੇ ਪਰਦੇ ਪਰ੍ਹੇ ਕਰਕੇ ਬਾਹਰ ਦੇਖਿਆ ਤਾਂ ਪੁਲੀਸ ਦੀਆਂ ਦੋ ਗੱਡੀਆਂ ਖੜ੍ਹੀਆਂ ਸਨ ਤੇ ਕੁਝ ਪੁਲੀਸ ਮੁਲਾਜ਼ਮ ਘਰ ਦੇ ਚਾਰੇ ਪਾਸੇ ਨਿਗ੍ਹਾ ਰੱਖ ਰਹੇ ਸਨ। ਮੈਂ ਇਕ ਵਾਰੀ ਤਾਂ ਘਬਰਾ ਗਿਆ ਕਿ ਬੇਗਾਨੇ ਮੁਲਕ ਵਿਚ ਮੈਂ ਘਰ 'ਚ ਇਕੱਲਾ ਸੀ ਤੇ ਬਾਹਰ ਪੁਲੀਸ ਮੁਲਾਜ਼ਮ ਖੜ੍ਹੇ ਸਨ। ਫਿਰ ਮੈਂ ਸੋਚਿਆ ਕਿ ਮੈਨੂੰ ਕਾਹਦਾ ਡਰ ਹੈ ਮੈਂ ਕਿਹੜਾ ਉਥੇ ਚੋਰੀ ਗਿਆ ਸਾਂ। ਮੈਂ ਦਰਵਾਜ਼ਾ ਖੋਲ੍ਹਿਆ। ਪੁਲੀਸ ਅਫਸਰ ਮੈਨੂੰ 'ਹੇਲੈ ਮਿਸਟਰ ਲਖਬੀਰ' ਕਹਿ ਕੇ ਹੱਥ ਮਿਲਾਉਣ ਲੱਗ ਪਿਆ। ਮੈਨੂੰ ਅੰਗਰੇਜ਼ੀ ਵਿਚ ਕਹਿੰਦਾ ਕਿ ਅਸੀਂ ਤੁਹਾਨੂੰ ਮਿਲਣ ਆਏ ਹਾਂ। ਮੈਂ ਉਸ ਨੂੰ

ਦੱਸਿਆ ਕਿ ਮੇਰਾ ਨਾਂ ਲਖਬੀਰ ਨਹੀਂ ਹੈ ਤੇ ਮੈਂ ਇਥੇ ਆਪਣੇ ਦੋਸਤਾਂ ਕੋਲ ਆਇਆ ਹਾਂ। ਉਹ ਇਕ-ਦੋ ਹੋਰ ਗੱਲਾਂ ਕਰਕੇ ਮੈਨੂੰ ਫਿਰ ਕਹਿਣ ਲੱਗਾ ਕਿ 'ਓਕੇ ਮਿਸਟਰ ਲਖਬੀਰ'। ਮੈਂ ਫਿਰ ਦੱਸਿਆ ਕਿ ਮੈਂ ਲਖਬੀਰ ਨਹੀਂ ਹਾਂ।

ਮੈਨੂੰ ਲੱਗਿਆ ਕਿ ਉਹ ਮੇਰੇ ਮੂੰਹੋਂ ਇਹ ਕਢਵਾਉਣਾ ਚਾਹੁੰਦਾ ਸੀ ਕਿ ਮੈਂ ਲਖਬੀਰ ਹਾਂ। ਉਨ੍ਹਾਂ ਦੀ ਗੱਲ ਸਮਝਦਿਆਂ ਮੈਨੂੰ ਦੇਰ ਨਾ ਲੱਗੀ ਤੇ ਮੈਂ ਉਸ ਨੂੰ ਬਾਹਰ ਹੀ ਉਡੀਕ ਕਰਨ ਦਾ ਕਹਿ ਕੇ ਅੰਦਰ ਚਲਾ ਗਿਆ। ਆਪਣੇ ਬਟੂਏ ਵਿਚ ਪਈ ਆਪਣੇ ਪਾਸਪੋਰਟ ਦੀ ਫੋਟੋ ਕਾਪੀ ਕੱਢੀ ਜਿਸ ਉਤੇ ਮੇਰਾ ਵੀਜ਼ਾ ਲੱਗਾ ਹੋਇਆ ਸੀ, ਉਹ ਉਨ੍ਹਾਂ ਨੂੰ ਦਿਖਾ ਕੇ ਮੈਂ ਦੱਸਿਆ ਕਿ ਮੈਂ ਲਖਬੀਰ ਨਹੀਂ ਹਾਂ, ਤੁਸੀਂ ਆਪਣੀ ਤਸੱਲੀ ਕਰ ਲਓ। ਪਾਸਪੋਰਟ ਦੀ ਕਾਪੀ ਦੇਖ ਕੇ ਪੁਲੀਸ ਅਫਸਰ ਕਹਿਣ ਲੱਗਾ ਕਿ 'ਸੌਰੀ ਮਿਸਟਰ ਸਿੰਘ' ਅਸੀਂ ਲਖਬੀਰ ਨੂੰ ਲੈਣ ਆਏ ਸੀ। ਉਸ ਦੀ ਸ਼ਿਕਾਇਤ ਆਈ ਸੀ ਕਿ ਉਹ ਉਥੇ ਚੋਰੀ ਰਹਿ ਰਿਹਾ ਹੈ। ਮੇਰੇ ਵੱਲੋਂ ਮਿਲੇ ਸਹਿਯੋਗ ਲਈ ਉਸ ਨੇ ਮੇਰਾ 'ਥੈਂਕਯੂ' ਕੀਤਾ ਅਤੇ ਮੇਰੇ ਨਾਲ ਹੱਥ ਮਿਲਾ ਕੇ ਉਹ ਅਫਸਰ ਆਪਣੀ ਸਾਰੀ ਟੀਮ ਸਮੇਤ ਵਾਪਸ ਚਲਾ ਗਿਆ। ਉਥੇ ਆਂਢ-ਗੁਆਂਢ ਰਹਿੰਦੇ ਗੋਰੇ ਲੋਕ ਬਾਹਰ ਨਿਕਲ-ਨਿਕਲ ਕੇ ਦੇਖ ਰਹੇ ਸਨ ਕਿ ਪਤਾ ਨਹੀਂ ਪੁਲੀਸ ਵਾਲੇ ਕਿਉਂ ਆਏ ਹਨ।

ਖੈਰ, ਪੁਲੀਸ ਦੇ ਜਾਣ ਤੋਂ ਥੋੜ੍ਹੀ ਦੇਰ ਬਾਅਦ ਜਦੋਂ ਮੇਰੇ ਦੋਸਤ ਘਰ ਆਏ ਤਾਂ ਮੈਂ ਉਨ੍ਹਾਂ ਨੂੰ ਆਉਂਦੇ ਹੀ ਪੁੱਛਿਆ ਕਿ ਮਿੱਤਰੋ ਤੁਹਾਡੇ 'ਚੋਂ ਲਖਬੀਰ ਕੌਣ ਹੈ? ਪੁਲੀਸ ਉਸ ਨੂੰ ਲੱਭਦੀ ਹੈ ਤੇ ਅੱਜ ਘਰ ਵੀ ਆਈ ਸੀ। ਮੇਰੀ ਕਿਸੇ ਗੱਲ ਦਾ ਜਵਾਬ ਦੇਣ ਤੋਂ ਬਿਨਾਂ ਹੀ ਉਨ੍ਹਾਂ ਨੇ ਟੈਕਸੀ ਨੂੰ ਫੋਨ ਕੀਤਾ ਅਤੇ ਆਪਣਾ ਇਕ ਕੱਪੜਿਆਂ ਵਾਲਾ ਬੈਗ ਚੁੱਕ ਕੇ ਉਹ ਮੈਨੂੰ ਨਾਲ ਲੈ ਕੇ ਟੈਕਸੀ ਵਿਚ ਬੈਠ ਗਏ। ਉਨ੍ਹਾਂ ਨੇ ਮੈਨੂੰ ਟੈਕਸੀ ਵਿਚ ਬੈਠ ਕੇ ਦੱਸਿਆ ਕਿ ਲਖਬੀਰ ਨਾਂ ਦਾ ਮੁੰਡਾ ਉਨ੍ਹਾਂ ਨਾਲ ਪਹਿਲਾਂ ਇਥੇ ਰਹਿੰਦਾ ਸੀ। ਭਾਵੇਂ ਉਹ ਹੁਣ ਇਥੇ ਨਹੀਂ ਹੈ ਪਰ ਪੁਲੀਸ ਵਾਲੇ ਉਸ ਨੂੰ ਲੈਣ ਦੁਬਾਰਾ ਫਿਰ ਆਉਣਗੇ। ਅੱਜ ਤਾਂ ਮੈਂ ਉਨ੍ਹਾਂ ਦੀ ਤਸੱਲੀ ਕਰਵਾ ਕੇ ਭੇਜ ਦਿੱਤਾ ਪਰ ਜੇ ਫਿਰ ਕਿਤੇ ਆ ਗਏ ਤਾਂ ਉਨ੍ਹਾਂ (ਮੇਰੇ ਦੋਸਤਾਂ) ਕੋਲ ਤਾਂ ਕੋਈ ਪੇਪਰ ਵੀ ਨਹੀਂ ਸੀ ਜੋ ਸ਼ਨਾਖਤ ਕਰ ਸਕਦਾ ਕਿ ਉਨ੍ਹਾਂ ਦੇ ਅਸਲੀ ਨਾਂ ਕੀ ਹਨ। ਉਹ ਬਹੁਤ ਪ੍ਰੇਸ਼ਾਨ ਸਨ ਤੇ ਆਪਸ ਵਿਚ ਸਲਾਹ ਕਰ ਰਹੇ ਸਨ ਕਿ ਉਹ ਹੁਣ ਕਿਥੇ ਜਾਣ। ਉਨ੍ਹਾਂ ਵਿਚੋਂ ਇਕ ਜਣਾ ਰਸਤੇ ਵਿਚ ਆਪਣੇ ਕਿਸੇ ਰਿਸ਼ਤੇਦਾਰ ਕੋਲ ਚਲਾ ਗਿਆ ਤੇ ਦੂਜੇ ਦੋ ਸਲਾਹਾਂ ਕਰ ਰਹੇ ਸਨ ਕਿ ਕਿਥੇ ਜਾਇਆ ਜਾਵੇ। ਫਿਰ ਉਨ੍ਹਾਂ ਨੇ ਗਲਾਸਗੋ ਕੋਈ ਟਿਕਾਣਾ ਲੱਭਿਆ। ਮੈਂ ਉਨ੍ਹਾਂ ਨੂੰ ਕਾਰ ਵਿਚ ਕਿਹਾ ਕਿ ਉਹ ਮੈਨੂੰ ਗਲਾਸਗੋ ਗੁਰਦੁਆਰਾ ਸਾਹਿਬ ਲਾਹ ਦੇਣ। ਉਨ੍ਹਾਂ ਨੇ ਮੈਨੂੰ 'ਸੌਰੀ' ਕਹਿੰਦਿਆਂ ਆਪਣੀ ਮਜਬੂਰੀ ਦੱਸੀ ਕਿ ਉਨ੍ਹਾਂ ਕੋਲ ਕੋਈ ਪੇਪਰ ਨਹੀਂ ਹੈ ਤੇ ਜੇ ਕਿਤੇ ਇਮੀਗ੍ਰੇਸ਼ਨ ਵਾਲਿਆਂ ਨੇ ਉਨ੍ਹਾਂ ਨੂੰ ਪੁੱਛ ਲਿਆ ਤਾਂ ਉਹ ਫਸ ਜਾਣਗੇ।

ਗੁਰਦੁਆਰਾ ਸਾਹਿਬ ਆ ਕੇ ਮੈਂ ਰਾਤ ਭਰ ਸੋਚਦਾ ਰਿਹਾ ਕਿ ਸਾਡੇ ਪੰਜਾਬੀ ਨੌਜਵਾਨ ਇਥੇ ਕਿਨ੍ਹਾਂ ਹਾਲਾਤਾਂ ਵਿਚ ਰਹਿੰਦੇ ਹਨ। ਪਹਿਲਾਂ ਉਹ ਕਿੰਨੇ-ਕਿੰਨੇ ਲੱਖ ਰੁਪਏ ਲਾ ਕੇ ਇਥੇ ਆਉਂਦੇ ਹਨ ਤੇ ਫਿਰ ਇਥੇ ਆ ਕੇ ਉਹ ਬੜੀ ਰਿਸਕ ਭਰੀ ਜ਼ਿੰਦਗੀ ਬਤੀਤ ਕਰਦੇ ਹਨ। ਕਈ ਹਾਲਾਤਾਂ ਵਿਚ ਉਨ੍ਹਾਂ ਨੂੰ ਖਾਣਾ-ਪੀਣਾ ਭੁੱਲ ਜਾਂਦਾ ਹੈ ਤੇ ਆਪਣਾ ਆਪ ਬਚਾਉਣ ਲਈ ਉਹ ਕਿਵੇਂ ਭੱਜ-ਨੱਠ ਕਰਦੇ ਹਨ। ਅਗਲੇ ਦਿਨ ਸਵੇਰੇ ਹੀ ਉਨ੍ਹਾਂ ਦੇ ਫੋਨ ਨੇ ਮੈਨੂੰ ਤਸੱਲੀ ਦਿੱਤੀ ਕਿ ਉਹ ਰਾਤ ਨੂੰ ਆਪਣੇ ਇਕ ਦੋਸਤ ਦੇ ਘਰ ਚਲੇ ਗਏ ਸਨ ਜੋ ਉਥੇ ਇਕ ਗੋਰੀ ਲੜਕੀ ਨਾਲ ਵਿਆਹ ਕਰਵਾ ਕੇ ਪੱਕਾ ਹੋ ਗਿਆ ਸੀ ਤੇ ਉਥੇ ਇਕ ਫਲੈਟ ਵਿਚ ਰਹਿੰਦਾ ਸੀ। ਦੋ ਦਹਾਕਿਆਂ ਤੋਂ ਵੱਧ ਸਮਾਂ ਬੀਤ ਜਾਣ 'ਤੇ ਵੀ ਇਸ ਘਟਨਾ ਨੇ ਮੈਨੂੰ ਅੰਦਰੋਂ ਝੰਜੋੜ ਦਿੱਤਾ ਕਿ ਸਾਡੇ ਨੌਜਵਾਨ ਉਥੇ ਕਿਨ੍ਹਾਂ ਹਾਲਾਤਾਂ ਵਿਚ ਰਹਿੰਦੇ ਹਨ।

**35, ਸੰਗਮ ਵਿਹਾਰ, ਯੂਨੀਵਰਸਿਟੀ ਰੋਡ,**
**ਡਾਕਖਾਨਾ: ਚੁਗਿੱਟੀ, ਜਲੰਧਰ**-144009
**ਮੋਬਾਈਲ** :98149-44411

# ਨਾਟਕ

## ਸੱਚ ਬੋਲਿਆਂ ਭਾਂਬੜ ਮੱਚਦਾ ਏ

### ਦ੍ਰਿਸ਼ -1

ਕੋਰਸ: ਅਸੀਂ ਹਾਂ ਯਾਰੋ ਨਾਟਕ ਵਾਲੇ-2
ਸੱਚੀਆਂ ਗੱਲਾਂ ਬਿਆਨ ਕਰਾਂਗੇ
ਨਾਟਕ ਐਸਾ ਕਮਾਲ ਕਰਾਂਗੇ
ਚਿਹਰੇ ਬੇਨਕਾਬ ਕਰਾਂਗੇ.....
ਅਸੀਂ ਹਾਂ ਯਾਰੋ ਨਾਟਕ ਵਾਲੇ-2
ਸੱਚੀਆਂ ਗੱਲਾਂ ਬਿਆਨ ਕਰਾਂਗੇ
ਝੂਠ ਦਾ ਪਰਦਾ ਫਾਸ ਕਰਾਂਗੇ
ਸੱਚੋ-ਸੱਚ ਬਿਆਨ ਕਰਾਂਗੇ
ਅਸੀਂ ਹਾਂ ਯਾਰੋ ਨਾਟਕ ਵਾਲੇ-2
ਧਰਮ ਦੇ ਨਾਂ 'ਤੇ ਹੁੰਦੇ ਦੰਗੇ
ਜਾਤਪਾਤ ਦੇ ਪੁੱਠੇ ਪੰਗੇ
ਪੰਗਿਆਂ ਦੇ ਵਿੱਚ ਫਸ ਗਏ ਬੰਦੇ
ਬੰਦਿਆਂ ਦਾ ਸਮਾਧਾਨ ਕਰਾਂਗੇ
ਅਸੀਂ ਯਾਰੋ ਨਾਟਕ ਵਾਲੇ-2
ਭਾਰਤ ਬੰਦ ਹੈ, ਦਿਮਾਗ਼ ਬੰਦ ਹੈ
ਦਿਨ ਬੰਦ ਹੈ, ਰਾਤ ਬੰਦ ਹੈ
ਬੰਦ ਦਾ ਸਮਾਧਾਨ ਕਰਾਂਗੇ
ਅਸੀਂ ਹਾਂ ਯਾਰੋ ਨਾਟਕ ਵਾਲੇ-2

1: ਸੁਣੋ! ਸੁਣੋ! ਸੁਣੋ! ਅੱਜ ਦੀ ਖ਼ਾਸ ਖ਼ਬਰ ਕੱਲ੍ਹ ਭਾਰਤ ਬੰਦ ਰਹੇਗਾ।

4: ਅਸੀਂ ਅਕਾਸ਼ਬਾਣੀ ਦੇ ਦਿੱਲੀ ਦੇ ਕੇਂਦਰ ਤੋਂ ਬੋਲ ਰਹੇ ਹਾਂ ਕੱਲ੍ਹ ਭਾਰਤ ਬੰਦ ਰਹੇਗਾ

6: ਪਹਿਲੇ ਇਸ ਬੁਲੀਟਨ ਦੀਆਂ ਖ਼ਾਸ-ਖ਼ਾਸ ਖ਼ਬਰਾਂ ਕੱਲ ਭਾਰਤ ਬੰਦ ਰਹੇਗਾ

ਸਾਰੇ: ਬੰਦ! ਬੰਦ!! ਬੰਦ!! ਕੱਲ੍ਹ ਭਾਰਤ ਬੰਦੇ ਰਹੇਗਾ।

1: ਸਕੂਲ ਬੰਦ।

2: ਕਾਲਜ ਬੰਦ।

3: ਯੂਨੀਵਰਸਿਟੀਆਂ ਬੰਦ।

4: ਹਸਪਤਾਲ ਬੰਦ।

5: ਬੱਸਾਂ ਬੰਦ।

6: ਰੇਲਾਂ ਬੰਦ।
(ਪੰਜਾਬ ਦਾ ਪ੍ਰਵੇਸ਼)

ਪੰਜਾਬ: ਬੰਦ! ਬੰਦ! ਬੰਦ! ਸਭ ਕੁਝ ਬੰਦ, ਫਿਰ ਖੁੱਲ੍ਹਾ ਕੀ ਰਹੇਗਾ?

6: ਮੰਦਿਰ

5: ਮਸਜਿਦ

4: ਚਰਚ

3: ਗੁਰਦੁਆਰਾ

2: ਠਾਠ

1: ਠੇਕਾ

ਪੰਜਾਬ: ਮੈਨੂੰ ਦੱਸੋ ਤਾਂ ਸਹੀ ਕਿਉਂ ਬੰਦ ਹੈ?

1: ਨੋਟ ਬੰਦੀ ਕਾਰਨ।

2: ਜੀ.ਐੱਸ.ਟੀ. ਕਾਰਨ।

3: ਐੱਸ.ਸੀ./ਐੱਸ. ਟੀ. ਕਾਰਨ।

4: ਆਸਾ ਰਾਮ ਕਾਰਨ।

5: ਰਾਮ ਰਹੀਮ ਕਾਰਨ।

6: ਰਾਮਪਾਲ ਕਾਰਨ।

ਸਾਰੇ: ਇਸੇ ਕਰਕੇ ਕੱਲ੍ਹ ਫਿਰ ਭਾਰਤ ਬੰਦ ਰਹੇਗਾ।

### ਗੀਤ:2

ਚੰਦਰੀਆਂ ਇਹ ਕੈਸੀਆਂ ਰੁੱਤਾਂ, ਕਿੱਥੋਂ ਆਈਆਂ ਐਸੀਆਂ ਰੁੱਤਾਂ
ਕਿੱਧਰੇ ਕੋਈ ਸਿਵਾ ਬਲੇਗਾ, ਕੋਈ ਖ਼ਾਲੀ ਹੱਥ ਮਲ਼ੇਗਾ
ਇੱਕ ਕਿਰਤੀ ਦੇ ਬੱਚਿਆਂ ਨੂੰ, ਭੁੱਖਿਆਂ ਰਹਿਣਾ ਫਿਰ ਪਵੇਗਾ
ਇੱਕ ਮਨਹੂਸ ਖ਼ਬਰ ਹੈ ਆਈ, ਕੱਲ੍ਹ ਫਿਰ ਭਾਰਤ ਬੰਦ ਰਹੇਗਾ।

(ਫੇਡ ਆਊਟ)

### ਦ੍ਰਿਸ਼-2

ਪੰਜਾਬ: ਹੈਲੋ ਇੱਧਰ ਦੇਖੋ! ਮੈਂ ਬੋਲ ਰਿਹਾ ਹਾਂ, ਮੇਰੇ ਤੋਂ ਬਿਨਾਂ ਕੋਈ ਪਹਿਲ ਕਰਦਾ ਹੀ ਨਹੀਂ, ਮੈਂ! ਪਛਾਣਿਆ? ਪੰਜ ਪਾਣੀਆਂ ਦੀ ਆਵਾਜ਼, ਮਰਦਾਨੇ ਦੀ ਰਬਾਬ, ਊਧਮ ਦੀ ਲਲਕਾਰ, ਦੁੱਲੇ ਦੀ ਵਾਰ ਤੇ ਭਗਤ ਸਿੰਘ ਦੀ ਕਿਤਾਬ...... ਤੁਸੀਂ ਮੇਰੀ ਹਾਲਤ ਵੱਲ ਦੇਖ ਕੇ ਸੋਚਦੇ ਹੋਵੋਂਗੇ ਠਿੱਬੀ

ਜੁੱਤੀ, ਨਾ ਸੱਚ ਪੈਰੋਂ ਨੰਗੇ, ਟੁੱਟੇ ਗੋਡੇ, ਟੁੰਡੀਆਂ ਬਾਹਾਂ, ਸਿਰੋਂ ਲੱਥੀ ਪੱਗ ਵਾਲਾ ਸਾਡਾ ਪੰਜਾਬ ਨਹੀਂ ਹੋ ਸਕਦਾ.... ਕਿਉਂ ਨਹੀਂ ਹੋ..ਸਕਦਾ ਸੱਚ ਤੋਂ ਨਾ ਭੱਜੋ..... ਮੇਰੀ ਇਹ ਹਾਲਤ ਵੀ ਤਾਂ ਤੁਸੀਂ ਕੀਤੀ ਹੈ, 47 'ਚ ਗੋਡੇ ਟੁੱਟ ਗਏ.... 84 'ਚ ਟੁੰਡਾ ਹੋ ਗਿਆ.... ਤੇ ਹੁਣ ਪੱਗ ਲਾਹ ਦਿੱਤੀ.... ਪੱਗ ਸਿਰ 'ਤੇ ਸ਼ਾਨ ਨਾਲ ਬੰਨਣ ਦੀ ਥਾਂ ਅਪਮਾਨ ਨਾਲ ਗਲ਼ 'ਚ ਪਾ ਕੇ ਦਰੱਖ਼ਤਾਂ ਟੇ ਟਾਹਣਿਆਂ ਨਾਲ ਬੰਨਣ ਲੱਗ ਪਏ ਓਂ, ਚਿੱਟੇ ਦੁੱਧ ਦੀ ਥਾਂ ਚਿੱਟੇ ਦੇ ਟੀਕੇ ਲਾਉਣ ਲੱਗ ਪਏ ਓਂ, ਪੰਜ ਦਰਿਆਵਾਂ ਨੂੰ ਛੱਡ ਕੇ ਵਿਦੇਸ਼ ਵੱਲ ਨੂੰ ਤੁਰੇ ਹੋਂ।

ਵਿਰਸਾ, ਕਿਸਾਨੀ ਤੇ ਜਵਾਨੀ, ਕਿੱਧਰ ਨੂੰ ਇਹ ਨੱਸੇ(ਨੱਠ)
47 'ਚ ਗ਼ਲ ਤਲਵਾਰਾਂ-ਖੰਜਰ, 84 ਦੇ ਵਿੱਚ ਟਾਇਰ
16 ਦੇ ਗ਼ਲ ਚਿੱਟਾ ਪਾਤਾ, 24 ਦੇ ਗ਼ਲ ਰੱਸੇ।
ਵਿਰਸਾ, ਕਿਸਾਨੀ ਤੇ ਜਵਾਨੀ, ਸਾਥੋਂ ਵਾਰੋ-ਵਾਰੀ ਰੁੱਸੇ।
(ਕਿਸੇ ਲੇਖਕ ਦੀਆਂ ਸਤਰਾਂ) ਫੇਡ ਆਊਟ

## ਦ੍ਰਿਸ਼-3

ਮੰਤਰੀ: ਰੱਬ ਦੇ ਪਿਆਰਿਓ! ਰੱਬ ਜੀ ਦਾ ਆਸਰਾ! ਰੱਬ ਜੀ ਜੈ!! ਰੱਬ ਦੇ ਭਗਤੋ ਪਹੁੰਚੋ, ਜਲਦੀ ਜਲਦੀ ਪਹੁੰਚੋ! ਪਿੰਡ ਦੇ ਵੱਡੇ ਰੱਬ ਦੇ ਘਰ.... ਬੇਅਦਬੀ ਦੀਆਂ ਘਟਨਾਵਾਂ ਦਿਨੋ-ਦਿਨ ਵੱਧ ਰਹੀਆਂ ਹੁਣੇ-ਹੁਣੇ ਬਾਗੜੀਆਂ ਪਿੰਡ ਕੋਲ ਨਹਿਰ 'ਤੇ ਸਾਡੇ ਰੱਬ ਦੇ ਅੰਗ ਤੋੜੇ ਗਏ ਨੇ.... ਸੋ ਜਲਦੀ ਤੋਂ ਜਲਦੀ ਪਹੁੰਚੋ ਤਲਵਾਰਾਂ ਲੈ ਕੇ ਰੱਬ ਦੇ ਵੱਡੇ ਘਰ ਬੋਲੋ ਰੱਬ ਜੀ ਦਾ ਆਸਰਾ!! ਰੱਬ ਜੀ ਦੀ ਜੈ!

ਸਾਰੇ: ਚੱਲੋ ਬਈ ਚੱਲੋ।

1: ਓਏ ਆਜਾ ਪੰਜਾਬ ਸਿਆਂ, ਨੀਲੀ ਪੱਗ ਵਾਲੇ ਮੰਤਰੀ ਨੂੰ ਮਿਲਾਂਗੇ, ਨਾਲ਼ੇ ਉਹਦੀ ਵੀਡੀਓ ਬਣਾ ਕੇ ਵਾਇਰਲੈੱਸ ਕਰਾਂਗੇ।

2: ਉਏ ਵਾਇਰਲੈੱਸ ਨੀ ਵਾਇਰਲ ਹੁੰਦਾ।

ਪੰਜਾਬ: ਨਾ ਨਾ ਮੈਂ ਨਹੀਂ ਜਾਣਾ ਸਾਰੇ ਪਾਗ਼ਲ ਕਹਿਣਗੇ।

3: ਕਹਿਣ ਵਾਲੀ ਕੀ ਗੱਲ ਐ, ਪੰਜਾਬ ਦਾ ਤਾਂ ਸਭ ਨੂੰ ਪਤਾ।

ਪੰਜਾਬ: ਕੀ ਪਤਾ? ਕੀ ਪਤਾ? ਹਾਂ ਕੀ ਪਤਾ?

1: ਬਈ ਸਿਆਣੇ ਬੰਦੇ ਨੂੰ ਸਾਰੇ ਪਾਗ਼ਲ ਹੀ ਕਹਿੰਦੇ ਹੁੰਦੇ ਨੇ।

ਪੰਜਾਬ: ਹਾਂ ਹਾਂ, ਸਭ ਪਾਗ਼ਲ ਹੋ ਜਾਂਦੇ ਨੇ..... ਸਭ ਪਾਗ਼ਲ ਹੋ ਜਾਂਦੇ ਨੇ, ਕਸ਼ਮੀਰਾ ਪਾਗ਼ਲ, ਅਸ਼ਾਮਾ ਪਾਗਲ, ਯੂਪਾ ਪਾਗ਼ਲ, ਬਾਰੂ ਪਾਗ਼ਲ, ਮਨੀਆ ਪਾਗ਼ਲ , ਮੇਰੇ ਵਾਂਗ ਸਭ ਪਾਗ਼ਲ ਨੇ ਪਾਗ਼ਲ।

2: ਓਏ ਆਜਾ ਤੂੰ ਵੀ ਉੱਥੇ ਮਾਰੀ ਜਾਵੀਂ ਆਪਣੀਆਂ ਸਿੱਧੀਆਂ ਪੁੱਠੀਆਂ।

3: ਨਾਲੇ ਤੇਰੀਆਂ ਤਾਂ ਪੁੱਠੀਆਂ ਵੀ ਸਿੱਧੀਆਂ ਹੋ ਜਾਂਦੀਆਂ।

1: ਕੀ ਪੁੱਠੀਆਂ ਸਿੱਧੀਆਂ?

ਪੰਜਾਬ: ਸ਼ੀ! ਸ਼ੀ!! ਸ਼ੀ!!! ਮੈਂ ਕੀ ਸੱਪ 'ਤੇ ਪਾ ਕੇ ਸਭ ਸਿੱਧੀਆਂ ਕਰ ਦੇਣੀਆਂ।

2: ਕੀ ਸੱਪ? (ਮਤਲਬ ਕੀਆ?)

ਪੰਜਾਬ: ਕੀ ਸੱਪ ਨਹੀਂ, ਕੀ -ਸੱਪ!!

3: ਯਾਰ ਕਿਹੜਾ ਸੱਪ?

ਪੰਜਾਬ: (ਐਕਸ਼ਨ ਕਰਕੇ) ਕੀ ਮਤਲਬ What ਅੰਗਰੇਜ਼ੀ ਵਾਲਾ ਸਪ ਮਤਲਬ ਗੋਲ ਗੋਲ।

ਸਾਰੇ: ਅੱਛਾ!!! Whatsapp!!!??

ਪੰਜਾਬ: ਹਾਂ!!! Whatsapp!!

1: ਅੱਛਾ ਪੰਜਾਬ 'ਚ ਵੀ ਵਟਸਐੱਪ ਚੱਲਦਾ

ਪੰਜਾਬ: ਨਹੀਂ ਪੰਜਾਬ 'ਚ ਤਾਂ ਚਿੱਟਾ ਚੱਲਦਾ।

2: ਕੌਣ ਕਹਿੰਦਾ, ਪੰਜਾਬ 'ਚ ਚਿੱਟਾ ਚੱਲਦਾ, ਹੁਣ ਤਾਂ ਪੰਜਾਬ 'ਚ ਨੀਲਾ ਤੇ ਹਰਾ ਚੱਲਦਾ।

ਪੰਜਾਬ: ਨੀਲਾ ਤੇ ਹਰਾ? ਕੀ ਮਤਲਬ

2: ਮਤਲਬ ਤੇਰਾ Whatsapp ਹਰੇ ਰੰਗ ਦਾ ਤੇ ਇਹਦਾ ਬੂਥੇ ਵਾਲਾ ਕੈਦਾ ਨੀਲੇ ਰੰਗ ਦਾ।

ਪੰਜਾਬ: ਬੂਥੇ ਵਾਲਾ ਕੈਦਾ

2: ਬੂਥਾ ਮਤਲਬ ਫੇਸ, ਕੈਦਾ ਮਤਲਬ ਕਿਤਾਬ

ਪੰਜਾਬ : ਅੱਛਾ! ਫੇਸਬੁੱਕ।

ਪੰਜਾਬ: ਹਾਂ, ਨੀਲਾ ਤੇ ਹਰਾ, ਚਿੱਟੇ ਸੱਪ ਨੇ ਡੰਗ ਲਏ ਨੇ ਸਾਰੇ ਪੰਜਾਬੀ..... ਹਰੀ ਜ਼ਹਿਰ ਨੇ ਨੀਲੇ ਕਰਤੇ ਅੰਗ.... ਸਾਰੇ ਸੱਪ ਨੇ ਸੱਪ.... ਇਹਨਾਂ ਨੀਲਿਆਂ, ਚਿੱਟਿਆਂ ਹਰਿਆਂ ਨੇ, ਸਾਡੇ ਦਿਮਾਗ਼ ਖਾ ਲਏ ਨੇ , ਸਾਰੇ ਪਾਗ਼ਲ ਹੋ ਗਏ ਨੇ ਪਾਗ਼ਲ। ਤਾਂ ਹੀ ਤਾਂ ਭਾਰਤ ਬੰਦ ਹੈ।

### ਗੀਤ:2

ਚੰਦਰੀਆਂ ਇਹ ਕੈਸੀਆਂ ਰੁੱਤਾਂ, ਕਿੱਥੋਂ ਆਈਆਂ ਐਸੀਆਂ ਰੁੱਤਾਂ
ਕਿੱਧਰੇ ਕੋਈ ਸਿਵਾ ਬਲੇਗਾ, ਕੋਈ ਖ਼ਾਲੀ ਹੱਥ ਮਲ਼ੇਗਾ
ਇੱਕ ਕਿਰਤੀ ਦੇ ਬੱਚਿਆਂ ਨੂੰ, ਭੁੱਖਿਆਂ ਰਹਿਣਾ ਫਿਰ ਪਵੇਗਾ
ਇੱਕ ਮਨਹੂਸ ਖ਼ਬਰ ਹੈ ਆਈ, ਕੱਲ੍ਹ ਫਿਰ ਭਾਰਤ ਬੰਦ ਰਹੇਗਾ।

(ਫੇਡ ਆਊਟ)

## ਦ੍ਰਿਸ਼-4

(ਕਾਲੇ ਕੱਪੜਿਆਂ ਵਾਲਾ ਮੰਤਰੀ....)

ਮੰਤਰੀ 1: ਬੋਲੋ ਰੱਬ ਜੀ ਕਾ ਆਸਰਾ, ਰੱਬ ਜੀ ਕੀ ਜੈ!! ਆਵਾਜ਼ ਨਹੀਂ ਆਈ, ਦੱਬ ਕੇ ਬੋਲੋ ਰੱਬ ਜੀ ਕਾ ਆਸਰਾ ਰੱਬ ਜੀ ਕੀ ਜੈ! ਰੱਬ ਦੇ ਭਗਤੋ ਸਾਡੇ ਕਿਸਾਨ ਸਾਡੀਆਂ ਈ ਬੱਸਾਂ ਰੋਕੀ ਜਾਂਦੇ ਨੇ.... ਇਸ ਕਰਕੇ ਅਸੀਂ ਬੱਸਾਂ ਦਾ ਰੂਟ ਬਦਲ ਦਿੱਤਾ, ਅਸੀਂ ਬੱਸਾਂ ਨੂੰ ਨਹਿਰੋ-ਨਹਿਰੀ ਪਾ ਦਿੱਤਾ।

4: ਕਿਆ ਬਾਤਾਂ ਲੋਕ ਵਾਹਣੋ-ਵਾਹਣੀ ਪਾਉਂਦੇ ਨੇ ਇਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਨਵਾਂ ਸ਼ਬਦ ਦਿੱਤਾ ਤਾੜੀਆਂ!!

ਮੰਤਰੀ 1: ਜੋ ਕੁੱਝ ਮਰਜ਼ੀ ਕਰ ਲੈਣ, ਵਿਰੋਧੀ ਧਿਰ ਵਾਲੇ.... ਉਏ ਜਦੋਂ ਤੱਕ ਨੀਲੀ ਛੱਤ ਰਹੂ, ਉਦੋਂ ਤੱਕ ਨੀਲਿਆਂ ਦਾ ਰਾਜ ਰਹੂ.... ਆਹ ਚਿੱਟੇ ਆ ਗਏ,ਕੋਈ ਗੱਲ ਨਹੀਂ... ਚਿੱਟਾ ਕੱਪੜਾ ਧੋ ਕੇ ਉਸ ਦੀ ਟੌਹਰ ਖ਼ਾਤਰ ਨੀਲ (ਲਾਜਵਰ) ਤਾਂ ਦੇਣਾ ਪੈਂਦਾ। ਇਹ ਚਿੱਟਾ ਤਾਂ ਨੀਲਿਆਂ ਦੀ ਬਦੌਲਤ ਰਾਜ ਕਰਦਾ.... ਚਿੱਟਾ ਤਾਂ ਆਇਆ.....(ਸੰਗੀਤ).... ਮੈਂ ਤਾਂ ਕਹਿਨਾ ਚਿੱਟਾ ਤਾਂ ਲਿਆਂਦਾ ਹੀ ਨੀਲਿਆਂ ਨੇ..... ਤਾੜੀਆਂ!! ....ਮੈਂ ਗੱਲ ਕਰ ਰਿਹਾ ਸੀ ਕਿਸਾਨਾਂ ਦੀ.... ਕਿਸਾਨ ਰੇਲਾਂ ਰੋਕੀ ਬੈਠੇ ਨੇ, ਅਸੀਂ ਤਾਂ ਬੁਲੇਟ ਟਰੇਨਾਂ ਚਲਾਉਣ ਨੂੰ ਫਿਰਦੇ ਹਾਂ.... ਚੰਦ ’ਤੇ ਘਰ ਪਾਉਣ ਨੂੰ ਫਿਰਦੇ ਹਾਂ, ਇਹ ਸਾਡਾ ਘਰ ਢਾਉਣ ਨੂੰ ਫਿਰਦੇ ਨੇ.....

5: ਓਏ ਦੇਖੀਂ ਗੱਪੀਆਂ ਕਿਤੇ ਚੰਦ ਤੇ ਪਾਣੀ ਵਾਲੀਆਂ ਰੇਲਾਂ ਨਾ ਚਲਾ ਦਈਂ, ਹੋਰ ਚੰਦ ਮਾਮਾ ਹੇਠਾਂ ਡਿੱਗ ਪਏ ਹਾ ਹਾ ਹਾ ਹਾ ਹਾ ਹਾ .....

ਮੰਤਰੀ 1: ਅਸੀਂ ਪੰਜਾਬ ਨੂੰ ਕੈਲੇਫੋਰਨੀਆ ਬਣਾ ਦੇਣਾ।

3: ਓਏ ਸਾਨੂੰ ਕੇਲਿਆਂ ਦਾ ਕੀ ਫਾਇਦਾ, ਅਸੀਂ ਤਾਂ ਚੌਲ ਬੀਜਾਂਗੇ, ਅਖੇ ਕੈਲੋ ਬੀਜੋ ਕੈਲੋ.....

(ਮੰਚ ਦੇ ਸੱਜੇ ਪਾਸੇ ਕਿਸਾਨਾਂ ਦਾ ਦ੍ਰਿਸ਼ ਉਭਰੇਗਾ)

ਮੰਤਰੀ 1: ਇਹ ਕਿਸਾਨ ਆਖਦੇ ਨੇ

ਲੋਕ: ਮਜ਼ਦੂਰ ਕਿਸਾਨ ਏਕਤਾ ਜ਼ਿੰਦਾਬਾਦ! ਕਿਸਾਨ ਬਚਾਓ! ਦੇਸ਼ ਬਣਾਓ

**ਨੇਤਾ 1:** (ਤੈਸ਼ ਵਿੱਚ ਆ ਕੇ) ਰੱਬ ਦੇ ਲੋਕੋ ਅਸੀ ਜਿਉਂਦੇ ਜੀ ਮਰ ਗਏ ਹਾਂ.... ਸਾਡੀ ਅਣਖ ਮਰ ਗਈ, ਸਾਡੀ ਜ਼ਮੀਰ ਮਰ ਗਈ, ਸਾਡੀ ਕੌਮ ਮਰ ਗਈ, ਸਾਡੇ ਸੀਨੇ ਛੱਲਣੀ-ਛੱਲਣੀ ਹੋ ਗਏ, ਸਾਡੇ ਸਾਹਮਣੇ ਸਾਡੇ ਰੱਬ ਦੇ ਸਾਹਮਣੇ ਕੁਰਸੀਆਂ ਡਾਹ ਕੇ ਬੈਠੇ ਨੇ, ਸਾਡੇ ਰੱਬ ਦਾ ਚੋਲਾ ਪਾੜ ਦਿੱਤਾ, ਸਾਡੇ ਰੱਬ ਦਾ ਬਾਣਾ ਸਾੜ ਦਿੱਤਾ। ਸਾਡੀਆਂ ਅੱਖਾਂ ਸਾਹਮਣੇ ਬੇਅਦਬੀ?? ਸਾਡੇ ਰੱਬ ਦਾ ਵੇਦ ਪਾੜ ਦਿੱਤਾ ਅਸੀਂ ਹੱਥ ਤੇ ਹੱਥ ਰੱਖ ਕੇ ਬੈਠੇ ਹਾਂ.... ਚਲੋ ਉਠੋ ਭਾਰਤ ਬੰਦ ਕਰੀਏ.... ਤੇ ਲਾਲ ਕਿਲ੍ਹੇ ’ਤੇ ਪਰਚਮ ਲਹਿਰਾਈਏ।

ਕਿਸਾਨ: ਸਾਥੀਓ ਤੁਸੀਂ ਕਿੱਧਰ ਨੂੰ ਜਾ ਰਹੇ ਹੋਂ?.... ਆਪਣੇ ਕਿਸਾਨ ਮੋਰਚੇ ਦਾ ਕੀ ਬਣੂ, ਹੁਣ ਤਾਂ ਆਪਾਂ ਜਿੱਤ ਦੇ ਨੇੜੇ ਹਾਂ.... ਇਹ ਲੜਾਈ ਨਸਲਾਂ ਤੇ ਫ਼ਸਲਾਂ ਨੂੰ ਬਚਾਉਣ ਦੀ ਐ ਸਾਥੀਓ।

ਨੇਤਾ 1: ਹਟ ਨਾਸਤਿਕ ਕਿਸੇ ਥਾਂ ਦਾ.... ਇੱਧਰ ਰੱਬ ਖ਼ਤਰੇ ਵਿਚ ਐ.... ਇਹਨੂੰ ਕਿਸਾਨੀ ਦੀ ਪਈਆ.... ਇੱਧਰ ਰੱਬ ਦੀ ਬੇਅਦਬੀ ਹੋਈ ਜਾਂਦੀ ਏ, ਇਹਨੂੰ ਨਸਲਾਂ ਤੇ ਫ਼ਸਲਾਂ ਦੀ ਪਈ ਐ।

ਕਿਸਾਨ: ਇਨਕਲਾਬ

1,2,4: ਜ਼ਿੰਦਾਬਾਦ (ਜ਼ਿੰਦਾਬਾਦ ਰੱਬ ਜੀ ਕੀ ਜੈ ਵਿੱਚ ਦਬ ਜਾਂਦਾ ਹੈ )

ਸਾਰੇ: ਰੱਬ ਜੀ ਕੀ ਜੈ(ਝੰਡੇ ਤੇ ਹਰੀਆਂ ਪੱਗਾਂ ਪਰੇ ਰੱਖਦੇ ਹਨ)

(ਸਾਰੇ ਰਾਸ਼ਟਰੀ ਮਾਰਗ ਤੇ ਧਰਨਾ ਲਾ ਕੇ ਬੈਠੇ ਹਨ ਖਾਸ ਰੰਗ ਦੇ ਕੱਪੜੇ ਲੈ ਕੇ ਤੇ ਜਾਪ ਕਰਦੇ ਹਨ ’ਰੱਬ ਜੀ ਕੀ ਜੈ’)

ਜੈ! ਜੈ!! ਜੈ!!! ਜੈ ਗੁਰੂ ਜੈ ਗੁਰੂ ਜੈ ਗੁਰੂ

(ਆਮ ਆਦਮੀ ਆਪਣੇ ਬਿਮਾਰ ਬੱਚੇ ਦੇ ਨਾਲ ਪ੍ਰਵੇਸ਼ ਕਰਦਾ ਹੈ)

ਆਦਮੀ: ਬਾਈ ਜੀ! ਬਾਈ ਜੀ! ਰੱਬ ਦੇ ਭਗਤੋ ਮੈਨੂੰ ਹਸਪਤਾਲ ਲਈ ਲੰਘ ਜਾਣ ਦਿਓ.... ਮੇਰਾ ਬੱਚਾ ਬਿਮਾਰ ਏ.... ਬਹੁਰ ਬਿਮਾਰ ਏ.... ਜੇ ਮੈਂ ਵਕਤ ’ਤੇ ਨਾ ਪਹੁੰਚਿਆ ਇਹ ਮਰ ਜਾਊਗਾ.... ਮੈਂ ਗ਼ਰੀਬ ਬੰਦਾ ਜੀ, ਬਸ ਤੁਰਕੇ ਹੀ ਤਾਂ ਜਾਣਾ। ਇੱਕੋ ਇੱਕ ਬੱਚਾ ਮੇਰਾ।

ਨੇਤਾ 1: ਬਸ ਇੱਕ ਮਰ ਜਾਣ ’ਤੇ ਐਨਾ ਚੀਕ-ਚਿਹਾੜਾ? ਆਹ ਦੇਖ, ਰੱਬ ਦੇ ਲਾਡਲੇ ਸਿਰ ਧੜ ਦੀ ਬਾਜ਼ੀ ਲਾਈ ਬੈਠੇ ਆ।...ਉਏ.... ਸਾਡਾ ਰੱਬ ਖ਼ਤਰੇ ਵਿੱਚ ਐ,ਸਾਡੀ ਕੌਮ ਖ਼ਤਰੇ ਵਿੱਚ ਆ, ਸਾਡਾ ਮੱਠ ਖ਼ਤਰੇ ਵਿੱਚ ਐ। ਸਾਡਾ ਸਭ ਖ਼ਤਰੇ ਵਿੱਚ ਐ।

ਆਦਮੀ: ਬਾਈ ਲੰਘ ਜਾਣ ਦਿਓ ਬੱਚਾ ਮਰਜੂ।

5: ਹਾਂ ਬਈ ਲੰਘ ਜਾਣ ਦਿਓ, ਬਿਮਾਰ ਐ ਬੱਚਾ, ਲੰਘ ਜਾਣ ਦਿਓ।

ਨੇਤਾ 1: ਭਗਤੋ ਤਰਸ ਨੀ ਕਰਨਾ, ਤਰਸ ਵਿੱਚ ਆ ਕੇ ਬੇਅਦਬੀ ਦਾ ਮਿਸ਼ਨ ਫੇਲ੍ਹ ਨਾ ਕਰ ਦਿਓ।.... ਚੰਗੇ ਕੰਮ ਲਈ ਕੁਰਬਾਨੀਆਂ ਦੇਣੀਆਂ ਹੀ ਪੈਣੀਆਂ ਨੇ... ਜਾਪ ਕਰੋ, ਜਾਪ ਕਰੋ ਭਗਤੋ ਜੈ ਗੁਰੂ ਜੈ ਗੁਰੂ ਜੈ ਰੱਬ।

ਆਦਮੀ: ਮੇਰਾ ਬੱਚਾ ਤੜਫ ਰਿਹਾ, ਇਹ ਮਰ ਜਾਏਗਾ ਮੈਨੂੰ ਜਾਣ ਦਿਓ... (ਉਹ ਜਾਪ ਕਰ ਰਹੇ ਨੇ) ਕੋਈ ਪਾਣੀ ਹੀ ਦੇ ਦਿਓ(ਜਾਪ ਜਾਰੀ ਹੈ) ਮਰ ਜਾਏਗਾ, ਮਰ ਜਾਏਗਾ ਮੇਰਾ ਬੱਚਾ.... ਦੀਪੇ! ਦੀਪੇ!! ਦੀਪੇ!!! ਮਰ ਗਿਆ!! ਮਰ ਗਿਆ!! ਪਾਪੀਓ ਮਰ ਗਿਆ ਰੱਬ ਦਾ ਬੰਦਾ ਤੁਸੀਂ ਬੇਅਦਬੀ ਕਰ ਦਿੱਤੀ ਹੈ ਰੱਬ ਦਾ ਬੰਦਾ ਮਾਰ ਕੇ।

ਗੀਤ 3
ਧਰਮ ਦੇ ਨਾਂ ਤੇ ਨਿਤ ਸੜਕਾਂ ’ਤੇ ਹੁੰਦੇ ਹੱਲੇ-ਗੁੱਲੇ
ਲਹੂ ਜੇ ਡੁੱਲਦਾ, ਬਸ ਡੁੱਲਦਾ ਹੈ, ਬੇਦੋਸ਼ਾਂ ਦਾ ਡੁੱਲੇ।

ਪੁਲਿਸ ਦੀ ਆਵਾਜ਼: ਪੁਲਿਸ ਧਰਨਾ ਕਾਰੀਆਂ ਨੂੰ ਆਖਰੀ ਵਾਰ ਹੁਕਮ ਦਿੰਦੀ ਹੈ ਕਿ ਕੌਮੀ ਮਾਰਗ ਖਾਲੀ ਕਰ ਦਿੱਤਾ ਜਾਵੇ ਨਹੀਂ ਤਾਂ ਗੋਲੀ ਚਲਾ ਦਿੱਤੀ ਜਾਵੇਗੀ।

ਨੇਤਾ 1: ਰੱਬ ਦੇ ਭਗਤੋ ਅਸੀਂ ਅੰਗ-ਅੰਗ ਕਟਵਾਉਣ ਵਾਲੀ ਕੌਮ ਹਾਂ ਗੋਲੀਆਂ ਤੋਂ ਨਾ ਡਰੋ.... ਅਸੀਂ ਤਾਂ ਦੇਸ਼ ਦਾ ਮਹਾਨ ਦਰੱਖ਼ਤ ਠੋਕਤਾ ਸੀ.... ਜੀਹਦੇ ਡਿੱਗਣ ਨਾਲ ਸਾਰੀ ਧਰਤੀ ਹਿੱਲ਼ ਗਈ ਸੀ ਸੋ ਕਰੋ ਜਾਪ, ਸ਼ੁਰੂ ਕਰੋ ਪੰਜਾਬ ਬਚਾਓ ਯਾਤਰਾ.....

ਗੀਤ: ਵਸਦੇ ਰਸਦੇ ਘਰਾਂ ਦੇ ਠੰਡੇ ਹੋ ਜਾਂਦੇ ਨੇ ਚੁੱਲ੍ਹੇ,
ਕਦ ਤੱਕ ਇੱਕ ਸਧਾਰਨ ਬੰਦਾ
ਰੋਜ਼ ਹੀ ਏਨੇ ਜ਼ੁਲਮ ਸਹੇਗਾ
ਇੱਕ ਮਨਹੂਸ ਖ਼ਬਰ ਹੈ ਆਈ
ਕੱਲ੍ਹ ਫਿਰ ਭਾਰਤ ਬੰਦ ਰਹੇਗਾ। (ਫੇਡ ਆਊਟ )
(ਨੇਤਾ ਲੋਕਾਂ ਨੂੰ ਭੜਕਾ ਰਿਹਾ ਹੈ। ਦ੍ਰਿਸ਼ ਖ਼ਤਮ ਗੋਲੀਆਂ ਦੀਆਂ ਆਵਾਜ਼ਾਂ)

ਪੰਜਾਬ: ਹੋ ਗਿਆ ਭਾਰਤ ਬੰਦ.... ਮੇਰੇ ਮੋਢੇ ’ਤੇ ਰੱਖ ਕੇ ਖੇਡ ਗਿਆ ਸ਼ੈਤਾਨ ਖੇਡ.... ਹਰ ਵਾਰ ਮੇਰਾ ਮੋਢਾ ਹੀ ਕੰਮ ਆਉਂਦਾ। ਚਲੋ ! ਉਠੋ ਸਿੱਧੇ ਹੋਵੋ ਮੇਰੇ ਸਵਾਲ ਦਾ ਜਵਾਬ ਦਿਓ, ਆਪਣੇ ਰੱਬ ਦਾ ਮੁੱਢਲਾ ਮੰਤਰ ਸੁਣਾਓ।

1: ਹੇ ਏਕਤਾ ਦੇ
ਬਹੁਤ ਵੱਡੇ ਮਾਲਕ
ਪੈਦਾ ਕਰਨ ਵਾਲੇ , ਪਾਲਣ ਵਾਲੇ, ਨਸ਼ਟ ਕਰਨ ਵਾਲੇ
ਸਦੀਵੀ ਹੋਂਦ ਵਾਲੇ
ਹਰ ਸ਼ੈਅ ਦੇ ਕਰਤੇ
ਭੈਅ ਮੁਕਤੇ
ਸਭ ਦੇ ਪਿਆਰੇ ਮਿੱਤਰ
ਸਮਾਂ ਰਹਿਤ ਵਾਲੇ
ਜੂਨ ਰਹਿਤ ਵਾਲੇ
ਸਵੈ ਉਪਜ ਵਾਲੇ
ਤੂੰ ਸਤਿ ਚਿਤ ਅਨੰਦ ਹੈ।

ਪੰਜਾਬ: ਤੂੰ ਸੁਣਾ

2: ਹੇ ਏਕਤਾ ਦੇ, ਬਹੁਤ ਵੱਡੇ ਮਾਲਕ ਪੈਦਾ ਕਰਨ ਵਾਲੇ , ਪਾਲਣ ਵਾਲੇ, ਨਸ਼ਟ ਕਰਨ ਵਾਲੇ, ਸਦੀਵੀ ਹੋਂਦ ਵਾਲੇ, ਹਰ ਸ਼ੈਅ ਦੇ ਕਰਤੇ, ਭੈਅ ਮੁਕਤੇ, ਸਭ ਦੇ ਪਿਆਰੇ ਮਿੱਤਰ, ਸਮਾਂ ਰਹਿਤ ਵਾਲੇ, ਜੂਨ ਰਹਿਤ ਵਾਲੇ, ਸਵੈ ਉਪਜ ਵਾਲੇ, ਤੂੰ ਸਤਿ ਚਿਤ ਅਨੰਦ ਹੈ।

ਪੰਜਾਬ: ਕਿਆ ਬਾਤ ਹੈ ਸਭ ਨੂੰ ਯਾਦ ਹੈ ਮੰਤਰ

ਸਾਰੇ: ਹਾਂ ਜੀ ਸਭ ਨੂੰ ਯਾਦ ਹੈ।

ਪੰਜਾਬ: ਕਿੱਥੋਂ ਪੜ੍ਹ ਰਹੇ ਹੋ ? ਕੋਈ ਰੱਬ ਦੀ ਕਾਪੀ ਕਿਤਾਬ ਹੈ ?

ਸਾਰੇ: ਨਹੀਂ

ਪੰਜਾਬ: ਕਿਤੇ ਕੰਧ ’ਤੇ ਲਿਖਿਆ ?

ਸਾਰੇ: ਨਹੀਂ

ਪੰਜਾਬ: ਫਿਰ ਪੜ੍ਹ ਕਿੱਥੋਂ ਰਹੇ ਹੋ ?

1: ਇਹ ਸਾਡੇ ਦਿਲਾਂ ’ਚ ਹੈ, ਮਨ ’ਚ ਹੈ। ਸਾਡੇ ਚੇਤਿਆਂ ’ਚ ਹੈ।

ਪੰਜਾਬ: ਫਿਰ ਬੰਦੇ ਕਿਉਂ ਵੱਢ ਰਹੇ ਹੋ ?
ਦੰਗੇ ਕਿਉਂ ਕਰ ਰਹੇ ਹੋ ?
ਬੰਦ ਕਿਉਂ ਕਰ ਰਹੇ ਹੋ ?

2: ਕੀ ਮਤਲਬ ਤੇਰਾ

ਪੰਜਾਬ: ਮਤਲਬ ਉਹ ਜੋ ਤੁਹਾਨੂੰ ਸਮਝ ਨਹੀਂ ਆ ਰਿਹਾ ਜਿਹੜਾ ਮੰਤਰ ਤੁਹਾਡੇ ਦਿਲ ’ਚ ਐ, ਚੇਤਿਆਂ ’ਚ ਐ, ਮਨਾਂ ’ਚ ਹੈ ਉਹ ਨੂੰ ਕੋਈ ਕਿਵੇਂ ਪਾੜ ਸਕਦਾ ? ਇਹ ਸ਼ੈਤਾਨ ਤੁਹਾਡੀਆਂ ਭਾਵਨਾਵਾਂ ’ਤੇ ਜ਼ਜ਼ਬਾਤਾਂ ਦੇ ਮੋਢੇ ’ਤੇ ਰੱਖ ਖੇਡ ਖੇਡ ਜਾਂਦੇ ਨੇ ਤੇ ਤੁਸੀਂ ਕਾਗਜ਼ਾਂ, ਕੱਪੜਿਆਂ ਪਿੱਛੇ ਲੜ ਪੈਂਦੇ ਹੋ। ਪਤਾ ਇਹ ਸ਼ੈਤਾਨ ਕੌਣ ਸੀ ?

ਸਾਰੇ: ਨਹੀਂ

ਪੰਜਾਬ: ਸਭ ਪਤਾ ਤੁਹਾਨੂੰ(ਤਿੰਨ ਚਾਰ ਰੰਗਾਂ ਦੇ ਕੱਪੜੇ ਪੰਜਾਬ ਕੋਲ ਹਨ) ਦੱਸੋ ਇਸ ਕਾਲੇ ਕੱਪੜੇ ਦੇ ਅੰਦਰ ਕਿਹੜਾ ਰੰਗ ਹੈ ?

ਸਾਰੇ: ਨੀਲਾ

ਪੰਜਾਬ: ਸਭ ਪਤਾ ਤੁਹਾਨੂੰ ਸਭ ਪਤਾ..... ਪਰ ਬੋਲਣਾ ਨਹੀਂ, ਨਹੀਂ ਬੋਲਣਾ ਤੁਸੀਂ....। ਆਜੋ ਹੋਰ ਦੇਖਦੇ ਹਾਂ ਤੁਹਾਡਾ ਸਬਰ। (ਫੇਡ ਆਊਟ )

## ਦ੍ਰਿਸ਼-5

ੳ: ਸਾਡੀ ਮਾਤਾ ਖਿਲਾਫ਼ ਭੱਦੇ ਸ਼ਬਦ ਬੋਲਣ ਵਾਲੇ ਦੀ ਜੀਭ ਵੱਢ ਦਿਆਂਗੇ।

ਅ: ਸਾਡੀ ਮਾਤਾ ’ਤੇ ਕਰੈਕਟਰ ਲੈੱਸ ਦਾ ਧੱਬਾ ਲਾਉਣ ਵਾਲੇ ਨੂੰ, ਪਾਰ

ਬੁਲਾ ਦਿਆਂਗੇ।

ੲ: ਇਸ ਦੇਸ਼ ਨੂੰ ਵਿਸ਼ਵ ਦੇ ਨਕਸ਼ੇ ਤੋਂ ਮਿਟਾ ਦਿਆਂਗਾ।

ਸ: ਹਮਾਰੀ ਮਾਤਾ ਗੁਫਾ ਮੇ ਬੈਠ ਕਰ ਭਗਤੀ ਕਰਤੀ ਹੈ ਯੇ ਲੋਕ ਬੋਲਤੇ ਹੈਂ ਕਿ ਮਾਤਾ ਗੰਦੀ ਬਾਤੇਂ ਕਰਤੀ ਹੈ ਚਾਕ ਦੇਂਗੇਂ ਫੱਟੇ ਬੁਰਾ......

(ਜਾਂਦੇ ਹਨ)

ਰਿਪੋਰਟਰ: ਪੂਰੀ ਦੁਨੀਆ ਦੀਆਂ ਨਿਗਾਹਾਂ ਜੇਲ ਦੇ ਮੁੱਖ ਦਰਵਾਜ਼ੇ 'ਤੇ ਹਨ। ਹਜ਼ਾਰਾਂ ਦੀ ਤਾਦਾਦ ਵਿੱਚ ਮਾਤਾ ਦੇ ਭਗਤਾਂ ਦਾ ਇਕੱਠ ਠਾਠਾਂ ਮਾਰ ਰਿਹਾ..... ਅਦਾਲਤ ਜੇਲ ਅੰਦਰ ਸਜਾਈ ਗਈ ਹੈ। ਭਗਤ ਮਾਤਾ ਬਾਰੇ ਫੈਸਲੇ ਦੀ ਉਡੀਕ ਕਰ ਰਹੇ ਹਨ...... ਹੁਣੇ-ਹੁਣੇ ਮਾਤਾ ਦੀ ਇੱਕ ਭਗਤਣੀ ਦਾ ਬਿਆਨ ਆਇਆ ਕਿ ਇਸ ਦੇਸ਼ ਨੂੰ ਦੁਨੀਆ ਦੇ ਨਕਸ਼ੇ ਤੋਂ ਮਿਟਾਅ ਦਿਆਂਗੇ..... ਪਰ ਕਿਸੇ ਵੀ ਸਰਕਾਰ ਨੇ ਇਸ ਦਾ ਨੋਟਿਸ ਨਹੀਂ ਲਿਆ..... ਕੋਈ ਦੇਸ਼ ਧ੍ਰੋਹ ਦਾ ਉਸ 'ਤੇ ਪਰਚਾ ਨਹੀਂ ਹੋਇਆ। ਉਹ ਦੇਖੋ ਭਗਤਾਂ ਨੇ ਟੀ.ਵੀ. ਚੈਨਲ ਦੀ ਵੈਨ ਨੂੰ ਪਲਟ ਦਿੱਤਾ, ਸਕੂਲ ਦੇ ਬੱਚਿਆਂ ਦੀ ਵੈਨ ਨੂੰ ਅੱਗ ਲਗਾ ਦਿੱਤੀ ਏ, ਭਗਤਾਂ ਨੇ ਦਰੱਖ਼ਤਾਂ ਦੇ ਟਾਹਣੇ ਤੋੜ ਕੇ ਹਥਿਆਰ ਬਣਾ ਲਏ..... ਪੈਟਰੋਲ ਬੰਬ ਚੱਲਣ ਲੱਗੇ ਨੇ.... ਹਾਹਾਕਾਰ ਮੱਚ ਚੁੱਕੀ ਹੈ।

ਭਗਤਾਂ ਵੱਲੋਂ ਦੋ ਤਰ੍ਹਾਂ ਦੇ ਕੋਡ ਰੱਖੇ ਗਏ ਸੀ ਜੋ ਜੇਲ ਦੇ ਦਰਵਾਜ਼ੇ ਤੋਂ ਚਾਰੇ ਪਾਸੇ ਫੈਲਾ ਦੇਣੇ ਹਨ। ਜੇ ਮਾਤਾ ਨੂੰ ਸਜਾ ਹੋਈ ਤਾਂ ਕੋਡ 420 ਹੋਵੇਗਾ ਮਤਲਬ ਸਭ ਕੁਝ ਤਹਿਸ-ਨਹਿਸ, ਜੇ ਸਜਾ ਨਾ ਹੋਈ ਤਾਂ ਕੋਡ 560 ਮਤਲਬ ਖੁਸ਼ੀ ਦੇ ਜਸ਼ਨ... ਪਰ ਮਾਤਾ ਦਾ ਕੋਈ ਵੀ ਭਗਤ ਲੱਡੂਆਂ ਦਾ ਡੱਬਾ ਨਹੀਂ ਲੈ ਕੇ ਗਿਆ ਸੀ...... ਕੋਈ ਵੀ ਢੋਲ ਨਹੀਂ ਲੈ ਕੇ ਗਿਆ ਸੀ ਕਿਉਂਕਿ ਉਨ੍ਹਾਂ ਨੂੰ ਮਾਤਾ ਦੀ ਗੁਫਾ ਦਾ ਪਤਾ ਸੀ ਮਿੰਟਾਂ ਵਿੱਚ ਸਭ ਕੁਝ ਤਹਿਸ-ਨਹਿਸ ਹੋ ਗਿਆ Firecool City, Hot City ਵਿੱਚ ਬਦਲ ਗਈ। ਲੋਕਾਂ ਦੀਆਂ ਕਿਸਮਤਾਂ ਬਦਲਣ ਵਾਲੀ ਮਾਤਾ ਆਪਣੀ ਕਿਸਮਤ ਨਾ ਬਦਲ ਸਕੀ, ਮਾਤਾ ਨੂੰ ਫਾਈਵ ਸਟਾਰ ਜੇਲ ਵਿੱਚ ਭੇਜਿਆ ਗਿਆ, ਸੂਬੇ ਦੇ ਸਮਾਜ ਭਲਾਈ ਮੰਤਰੀ ਨੇ ਮਾਤਾ ਦਾ ਅਟੈਚੀ ਆਪ ਚੁੱਕ ਕੇ ਜਹਾਜ਼ ਵਿੱਚ ਰੱਖਿਆ ਏ..... ਭਾਰਤ ਪੰਜ ਦਿਨਾਂ ਲਈ ਬੰਦ ਹੋ ਗਿਆ..... ਕਰੋੜਾਂ ਦਾ ਲੋਕਾਂ ਦਾ, ਸਰਕਾਰਾਂ ਦਾ ਨੁਕਸਾਨ ਹੋ ਗਿਆ।

ਕੌਣ ਹੈ ਇਸ ਮਨਹੂਸ ਖ਼ਬਰ ਦਾ ਜ਼ਿੰਮੇਵਾਰ.....

**ਗੀਤ 4**

ਇੱਕ ਸੀ ਸਾਡਾ ਬਾਬਾ ਨਾਨਕ, ਸੱਚ ਸੀ ਜਿਸ ਦੇ ਪੱਲੇ
ਅੱਜਕੱਲ੍ਹ ਮਾਤਾ ਬਾਬਿਆਂ ਦਾ ਪਰ, ਝੂਠ ਦਾ ਸਿੱਕਾ ਚੱਲੇ।
ਇਹਨਾਂ ਦੇ ਅੰਨ੍ਹੇ ਸ਼ਰਧਾਲੂ, ਹਰ ਥਾਂ ਬੋਲਣ ਹੱਲੇ
ਅੰਨ੍ਹੀ ਸ਼ਰਧਾ ਦਾ ਇਹ ਪਰਦਾ, ਸੋਚ ਦੇ ਉਤੋਂ ਕਦੋਂ ਲਹੇਗਾ,
ਇੱਕ ਮਨਹੂਸ ਖ਼ਬਰ ਹੈ ਆਈ, ਕੱਲ੍ਹ ਫਿਰ ਭਾਰਤ ਬੰਦ ਰਹੇਗਾ।

(ਫੇਡ ਆਊਟ )

## ਦ੍ਰਿਸ਼-6

ਅਮਲੀ: ਮੈਂ ਤਾਂ ਕਹਿਨਾ ਇਸ ਮਾਤਾ ਦੇ ਪੈ ਜਾਣ ਪਲਾਸਟਿਕ ਦੇ ਕੀੜੇ, ਇਹ ਮਾਤਾ ਨੇ ਭਾਰਤ ਬੰਦ ਕਰਵਾ ਦਿੱਤਾ। ਨਾ ਫੀਮ ਮਿਲੇ, ਨਾ ਡੋਡੇ... ਲੋਮੋਟਿਲ ਦੀਆਂ ਗੋਲੀਆਂ ਪਤਾ ਨਹੀਂ ਕਿਹੜੀ ਖੱਡ 'ਚ ਸੁੱਟ ਦਿੱਤੀਆਂ..... ਸਾਡੇ ਸਾਨੂੰ ਮਾਰਨ ਲੱਗੇ ਨੇ ਆਹ ਪੰਚਾਇਤਾਂ ਵਾਲੇ ਨਰੇਗਾ ਵਾਲੀਆਂ ਬੀਬੀਆਂ ਨੂੰ ਨਾਲ ਲੈ ਕੇ..... ਨਸ਼ਿਆਂ ਵਿਰੁੱਧ ਰੈਲੀਆਂ ਕੱਢਦੇ ਨੇ ਵੋਟਾਂ ਮੌਕੇ ਆਹ ਸਰਪੰਚ ਸਭ ਤੋਂ ਮੂਹਰੇ ਹੋ ਕੇ ਖਾਸਾ ਮੋਟਾ ਸੰਤਰੇ ਦੀਆਂ ਚਾਰ ਪੇਟੀਆਂ ਦੇ ਕੇ ਗਿਆ ਸੀ.... ਹੁਣ ਸਾਲੇ ਸਭ ਮੁਕਰ ਗਏ ਵੋਟਾਂ ਪੈ ਗਈਆਂ। ਕੋਈ ਨਾ ਵੋਟਾਂ ਆਉਣ ਦਿਓ ਫੇਰ ਦੇਖਾਂਗੇ..... ਜਿਉਂਦੀ ਰਹੇ ਆਹ ਸਿੱਧੂ ਮਾਤਾ ਜਿਹੜੀ ਕਹਿੰਦੀ ਸਾਡੀ ਸਰਕਾਰ ਆਉਣ ਦਿਓ ਅਸੀਂ ਪੰਜਾਬ 'ਚ ਡੋਡਿਆਂ ਦੀ ਖੇਤੀ ਕਰਾਂਗੇ..... ਸਿੱਧੂ ਮਾਤਾ ਜ਼ਿੰਦਾਬਾਦ, ਸਿੱਧੂ ਮਾਤਾ ਜ਼ਿੰਦਾਬਾਦ.... ਸਾਡੀਆਂ ਮੰਗਾਂ ਪੂਰੀਆਂ ਕਰੋ ਨਹੀਂ ਤਾਂ ਫੇਰ ਭਾਰਤ ਬੰਦ ਕਰੋ।

ਪੰਜਾਬ: ਕੌਣ ਕਰੂ ਉਹ ਤਾਂ ਅਗਲਾ ਸ਼ਿਮਲੇ ਬੈਠਾ ਚੀਕੂ ਛਿੱਲੀ ਜਾਂਦਾ...... ਤੇ ਸੀਤਾ ਫਲ ਖਾਈ ਜਾਂਦਾ ਤੇ ਖਲਾਈ ਜਾਂਦਾ, ਇੱਕ ਜੇਲ 'ਚ ਬੈਠਾ ਦੂਜਾ ਗੁਜਰਾਤ, ਉੱਤਰਾਖੰਡ 'ਚ ਬੈਠਾ ਪਿੱਗ ਲਾਈ ਜਾਂਦਾ..... ਤੇ ਉਹ ਢਿੱਡਲ ਜਿਹਾ ਸਹੇਲੀ ਦਾ ਕੇਕ ਕੱਟੀ ਜਾਂਦਾ(ਮਾਰੋ-ਮਾਰੋ ਦਾ ਰੌਲ਼ਾ ਪੈਂਦਾ ਹੈ ਕੁਝ ਲੋਕ ਦੌੜਦੇ ਹਨ)

ਪੰਜਾਬ: ਓਏ ਕੀ ਹੋਇਆ ਕਿਉਂ ਭੜਥੂ ਪਾਇਆ ?.... ਬਾਬਰੀ ਮਸਜਿਦ 'ਤੇ ਹਮਲਾ ਹੋ ਗਿਆ ? ਜਾਂ ਕੁਰਾਨ ਸਰੀਫ ਪਾੜਤੀ ? ਕਿ ਟਰੇਨ ਸਾੜਤੀ ?..... ਹੁਣ ਕੀ ਢਾਹੁਣ ਦੀ ਤਿਆਰੀ ਐ ? ਤਾਜ ਮਹਿਲ ? ਮਾਲੇਰਕੋਟਲਾ ਜਾਂ ਅਲੀਗੜ੍ਹ ਯੂਨੀਵਰਸਿਟੀ ?ਓਏ ਦੱਸੋ ਤਾਂ ਸਹੀ ਹੋਇਆ ਕੀ ਐ ?....

1: ਹਾਲੇ ਹੋਇਆ ਨਹੀਂ..... ਹਾਲੇ ਤਾਂ ਕੁਝ ਹੋਣਾ

ਪੰਜਾਬ: ਕੀ ਹੋਣਾ

2: ਰੌਲ਼ਾ ਤਾਂ ਪੈਣਾ ਹੋਇਆ ਜਦੋਂ ਸੈਨਾ ਵਾਲੇ ਕਹਿੰਦੇ ਨੇ.....ਨਿੱਕੇ-ਸੁੱਕੇ ਲੋਕਾਂ ਦੇ ਨਾਂ 'ਤੇ ਚੌਂਕਾ ਦਾ ਨਾਂ ਨਹੀਂ ਰੱਖਣ ਦੇਣਾ.....

?: ਹਾਂ ਨਹੀਂ ਰੱਖਣ ਦੇਣਾ.... ਅਸੀਂ ਇਹਨਾਂ ਜਾਤਾਂ ਦੇ ਨੌਕਰ ਕਿਵੇਂ ਬਣ ਜਾਈਏ ? ਜਿਹੜੇ ਸਦੀਆਂ ਤੋਂ ਸਾਡੇ ਪੈਰਾਂ ਵਿੱਚ ਬੈਠੇ ਰਹੇ ਨੇ, ਉਹਨਾਂ ਨੂੰ ਸਿਰ 'ਚੇ ਕਿਵੇਂ ਬੈਠਾ ਲਈਏ ?

ਪੰਜਾਬ: ਇਹ ਡਿਜ਼ੀਟਲ ਇੰਡੀਆ ? ਜਾਂ ਡਿੱਗੀ ਚੱਲ ਇੰਡੀਆ ਏ

1: ਇਹ ਸਭ ਵੋਟ ਬੈਂਕ ਦੇ ਰੌਲ਼ੇ ਨੇ

?: ਦੇਖ ਓਏ ਕਿੱਧਰ ਦੀ ਗੱਲ ਕਿੱਧਰ ਲੈ ਗਿਆ

2: ਗੱਲ ਤਾਂ ਤੂੰ ਬਦਲ ਦੈਂ

?: ਤੂੰ ਗੱਲ ਦੀ ਗੱਲ ਕਰਦੈਂ.... ਅਸੀਂ ਤਾਂ ਪੂਰਾ ਸੰਵਿਧਾਨ ਬਦਲ ਦੇਣਾ।

1: ਕਿਉਂ ਪਿਓ ਵਾਲਾ ਰਾਜ ਏ ?

?: ਮਾਂ ਵਾਲਾ ਵੀ ਐ

2: ਕੀ ਮਤਲਬ ਤੇਰਾ ਓਏ ?

?: ਮਤਲਬ ਤਾਂ ਸਿੱਧਾ ਜੇ ਕੋਈ ਸਮਝੇ ਤਾਂ ?

ਪੰਜਾਬ: ਮਤਲਬ ਤਾਂ ਮੈਂ ਵੀ ਨਹੀਂ ਸਮਝਿਆ

?: ਸਮਝਣੇ ਵਾਲੇ ਸਮਝ ਗਏ ਨਾ ਸਮਝੇ ਮਤ ਢੋਰ

1: ਤੂੰ ਕਹਿਣਾ ਕੀ ਚਾਹੁੰਦਾ ਓਏ

ਕ : ਕਹਿੰਦੇ ਨਹੀਂ, ਅਸੀਂ ਤਾਂ ਕਰਦੇ ਹਾਂ..ਕਹਿੰਦੇ ਤਾਂ ਅਸੀਂ ਬਾਅਦ ਵਿਚ ਆਂ.. ਬੋਦੀ ਸਾਡਾ ਪਿਉ ਗਾਂ ਸਾਡੀ ਮਾਂ

?: ਹੋ ਗਿਆ ਨਾ ਪਿਓ ਤੇ ਮਾਂ ਵਾਲਾ ਰਾਜ !

?: ਸਾਡਾ ਪਿਓ ਸਾਡੀ ਮਾਤਾ ਦੀ ਪੂਛ ਫੜ ਕੇ ਰਾਜ ਕਰਦੈ ਤੂੰ ਦੇਖਦਾ ਜਾ ਸਾਰੇ ਸੂਬਿਆਂ 'ਚ ਟੋਭੇ ਬਣਾ ਕੇ ਕਮਲ ਫੁੱਲ ਖਿਲਾ ਦੇਣੇ ਆ।

2: ਆਏਂ ਕਹਿ ਲੋਕਾਂ ਨੂੰ ਚਿੱਕੜ 'ਚ ਡਬੋ-ਡਬੋ ਮਾਰ ਦੇਣਾ।

ਪੰਜਾਬ: ਆਹੋ ਭਾਈ ਹੋਰ ਪਾਓ ਵੋਟਾਂ..... ਜੀਹਦੇ ਹੱਥ 'ਚ ਚਾਹ ਵਾਲਾ ਠੂਠਾ ਫੜਾਉਣਾ ਚਾਹੀਦਾ ਸੀ, ਉਹਦੇ ਹੱਥ 'ਚ ਤੁਸੀਂ ਦੇਸ਼ ਫੜਾ ਦਿੱਤਾ।

1: ਤਾਂਹੀ ਤਾਂ ਚਾਹਾ ਦਾ ਕੱਪ 2 ਰੁਪਏ ਤੋਂ 20 ਰੁਪਏ ਦਾ ਹੋ ਗਿਆ ਚੋਰ ਕਿਸੇ ਥਾਂ ਦਾ

?: ਓਏ ਦੇਸ਼ ਧ੍ਰੋਹ ਦੇ ਨਾਂ ਹੇਠ ਅਸੀਂ ਜੇਲ 'ਚ ਠੋਕ ਦੇਣਾ..... ਉਹ ਤਾਂ ਦੇਵਤਾ ਦੇਵਤਾ 295 ਲਈ ਤਿਆਰ ਰਹਿ

?: ਥੋਡਾ ਪਿਓ ਵੀ ਤਾਂ ਵਲੈਤ ਦੀਆਂ ਕਿਤਾਬਾਂ ਚੋਰੀ ਪੜ੍ਹ ਸੰਵਿਧਾਨ ਲਿਖਦਾ ਸੀ....

2: ਦੁਨੀਆਂ ਭਰ ਦੀਆਂ ਕਿਤਾਬਾਂ ਪੜ੍ਹ ਕੇ ਗਿਆਨ ਇਕੱਠਾ ਕਰਨ ਵਾਲੇ ਨੂੰ ਚੋਰ ਨਹੀਂ ਗਿਆਨੀ ਕਹਿੰਦੇ ਨੇ.....

1: ਅਸਲੀ ਚੋਰ ਦਾ ਥੋਡਾ ਪਿਓ ਐ, ਜੀਹਦੇ ਅੰਡਰ ਬੀਅਰ ਅਮਰੀਕਾ ਦਾ, ਅੰਡਰ ਸ਼ਰਟ ਅਬਾਨੀ ਦੀ, ਚੱਪਲ ਅਡਾਨੀ ਦੀ, ਐਨਕ ਮੋਹਨ ਭਾਗਵਾਨੀ ਦੀ।

?: ਸਾਡਾ ਪਿਓ ਤਾਂ ਵਿਗਿਆਨੀ ਐ, ਉੱਘਾ ਵਿਗਿਆਨੀ ਸਾਰਾ ਗਿਆਨ ਹੈ ਉਸ ਨੂੰ

ਪੰਜਾਬ: ਹਾਂ ਬਈ ਬਹੁਤ ਵੱਡਾ ਵਿਗਿਆਨੀ ਇਤਿਹਾਸਕਾਰ ਏ, 9ਵੀਂ ਸਦੀ ਦੇ ਗੋਰਖ ਨਾਥ ਨੂੰ 15 ਸਦੀ ਦੇ ਬਾਬੇ ਨਾਨਕ ਨੂੰ ਆਪਸ ਵਿੱਚ ਗੱਲ ਕਰਨ ਲਾ ਦਿੰਦਾ।
ਕਬੀਰ ਤੇ ਬਾਬੇ ਨਾਨਕ ਨੂੰ 'ਕੱਠਾ ਕਰ ਦਿੰਦਾ।
ਜਦੋਂ ਹਾਲੇ ਕੰਪਿਊਟਰ ਨਹੀਂ ਆਇਆ ਸੀ ਇਹ ਮੇਲ ਕਰ ਦਿੰਦਾ ਸੀ.... ਡਿਜੀਟਲ ਫੋਟੋ ਖਿੱਚ ਦਿੰਦਾ ਸੀ ਇਹਨਾਂ ਵੱਡਾ ਵਿਗਿਆਨੀ ਐ ਪਹਿਲਾਂ ਐੱਮ.ਏ. ਕਰਦਾ, ਫੇਰ ਬੀ.ਏ. ਕਰਦੈ। ਸਟੇਸ਼ਨ ਬਣਨ ਤੋਂ 20 ਸਾਲ ਪਹਿਲਾਂ ਚਾਹ ਵੇਚੀ ਜਾਂਦਾ.....

?: ਉਹ ਤਾਂ ਦੇਸ਼ ਭਗਤ ਹੈ ਦੇਸ਼ ਭਗਤ

ਪੰਜਾਬ: ਹਾਂ, ਦੇਸ਼ ਭਗਤੀ ਤਾਂ ਇਹਨਾਂ ਅੰਦਰ ਕੁੱਟ-ਕੁੱਟ ਕੇ ਭਰੀ ਹੋਈ ਐ।

2: ਦੱਸ ਸਕਦਾ ਦੇਸ਼ ਵਿੱਚੋਂ ਅੰਗਰੇਜ਼ਾਂ ਨੂੰ ਭਜਾਉਣ ਲਈ ਤੁਹਾਡੀ ਸੈਨਾ ਦਾ ਇੱਕ ਵੀ ਬੰਦਾ ਸ਼ਹੀਦ ਹੋਇਆ ?

1: ਹਾਂ ਇਹਨਾਂ ਦਾ ਮਹਾਨ ਯੋਧਾ ਅੰਡੇਮਾਨ ਵਿੱਚ ਫਰੰਗੀਆਂ ਅੱਗੇ ਲਿਲਕੜੀਆਂ ਕੱਢਦਾ ਰਿਹਾ,ਮੁਆਫ਼ੀ ਮੰਗਦਾ ਰਿਹਾ।

2: ਕੋਈ ਇੱਕ ਨਾਂ ਲੈ ਦੇ ਜਿਹਨੇ ਦੇਸ਼ ਲਈ ਸ਼ਹੀਦੀ ਪਾਈ,ਕੋਈ ਇੱਕ ਨਾਂ

?: ਤੁਸੀਂ ਦੇਖਦੇ ਜਾਓ ਜਦੋਂ ਇਸ ਦੇਸ਼ ਦਾ ਅਸਲੀ ਤੇ ਨਵਾਂ ਇਤਿਹਾਸ ਲਿਖਿਆ ਗਿਆ..... ਤਾਂ ਸਾਡੇ ਯੋਧੇ ਦਾ ਨਾਂ

ਪੰਜਾਬ: ਜੁਮਲੇ ਸੁਣਾਉਣ ਵਾਲਿਆਂ ਵਿੱਚ ਆਏਗਾ

1: ਝੂਠਿਆਂ 'ਚ ਆਏਗਾ

2: ਕੱਟੜਪੰਥੀਆਂ 'ਚ ਆਏਗਾ

ਪੰਜਾਬ: ਵਿਜੈ ਮਾਲੀਆ ਵਰਗੇ ਗੁੰਡਿਆਂ ਨੂੰ ਭਜਾਉਣ ਵਾਲਿਆਂ 'ਚ ਆਏਗਾ।

1: ਬੈਂਕਾਂ ਤੇ ਵੋਟਾਂ ਦੇ ਵੱਡੇ-ਵੱਡੇ ਘਪਲਿਆਂ ਵਿੱਚ ਆਏਗਾ

2: ਮੂਰਤੀਆਂ 'ਤੇ ਦੁੱਧ ਤੇ ਔਰਤਾਂ 'ਤੇ ਤੇਜ਼ਾਬ ਪਾਉਣ ਵਾਲਿਆਂ 'ਚ ਆਏਗਾ

( ਕਾਲੇ ਕੱਪੜਿਆਂ ਵਿੱਚ ਮੰਤਰੀ-2 ਆਉਂਦਾ ਹੈ ਨਾਹਰੇ ਲਗਾ ਰਹੇ ਹਨ)

ਸਾਰੇ: ਦੇਸ਼ ਧ੍ਰੋਹੀ ! ਦੇਸ਼ ਧ੍ਰੋਹੀ !! ਦੇਸ਼ ਧ੍ਰੋਹੀ !! ਮਾਰੋ ! ਮਾਰੋ ! ਮਾਰੋ !
(ਕੱਚ ਦੀਆਂ ਬੋਤਲਾਂ ਟੁੱਟਣ ਦੀਆਂ ਅਤੇ ਮਾਰ ਧਾੜ ਦੀਆਂ ਆਵਾਜ਼ਾਂ)

ਮੰਤਰੀ-2: ਪਿਆਰੇ ਲੋਕੋ ਇਹ ਫੁੱਲ ਵਾਲਿਆਂ ਨੇ ਤੁਹਾਨੂੰ ਖਾਹ ਲੈਣਾ, ਆਉਣ

ਵਾਲੀਆਂ ਚੋਣਾਂ ਵਿੱਚ ਸਾਨੂੰ ਲੈ ਕੇ ਆਓ ਅਸੀਂ ਡਾ. ਸਾਹਿਬ ਦੇ ਥਾਂ-ਥਾਂ ਬੁੱਤ ਬਣਾਵਾਂਗੇ। ਸਮਾਰਟ ਫੋਨ ਲੈ ਕੇ ਆਵਾਂਗੇ, ਅਸੀਂ ਤੁਹਾਡੀ ਜਾਤ ਵਾਸਤੇ ਅਨੇਕਾਂ ਸਕੀਮਾਂ ਲੈ ਕੇ ਆਵਾਂਗੇ ਆਓ ਮਿਲ ਕੇ ਭਾਰਤ ਬਚਾਓ ਪੈਦਲ ਯਾਤਰਾ ਸ਼ੁਰੂ ਕਰਕੇ ਭਾਰਤ ਬੰਦ ਕਰੀਏ। ਤੁਹਾਡੀ ਜਾਤ ਲਈ ਲੜੀਏ।

**ਗੀਤ**-5

ਜਾਤ-ਪਾਤ ਦਾ ਰੌਲ਼ਾ ਪਾ ਕੇ ਖੁਦ ਅੰਦਰ ਜਾ ਵੜਦਾ
ਖੰਜ਼ਰ ਤੇ ਕਿਰਪਾਨਾ ਲਿਸ਼ਕਣ, ਬੇਦੋਸ਼ਾ ਕੋਈ ਮਰਦਾ
ਹਾਕਮ ਆਪਣੇ ਤਖ਼ਤ ਵਾਸਤੇ, ਕੀ-ਕੀ ਖੇਡਾਂ ਕਰਦਾ
ਝੂਠੇ ਜੇ ਧਰਵਾਸੇ ਦੇ ਕੇ, ਝੂਠੀ ਜਿਹੀ ਕੋਈ ਗੱਲ ਕਹੇਗਾ
ਇੱਕ ਮਨਹੂਸ ਖ਼ਬਰ ਹੈ ਆਈ, ਕੱਲ੍ਹ ਫਿਰ ਭਾਰਤ ਬੰਦ ਰਹੇਗਾ।

(ਫੇਡ ਆਊਟ )

## **ਦ੍ਰਿਸ਼**-7

(ਗੱਡੀ ਦੀਆਂ ਬਰੈਕਾਂ ਦੀ ਆਵਾਜ਼ ਮਰ ਗਈ! ਮਰ ਗਈ! ਦੀਆਂ ਆਵਾਜ਼ਾਂ)

ਮੰਤਰੀ 3: ਸਰਕਾਰੀ ਬੱਸਾਂ ਨੂੰ ਅੱਗ ਲਾ ਦਿਓ, ਸਰਕਾਰੀ ਦਫ਼ਤਰ ਫੂਕ ਦਿਓ, ਰਿਕਸ਼ੇ ਰੇੜੀਆਂ ਭੰਨ ਦਿਓ, ਜਬ ਤਕ ਸੂਰਜ ਚਾਂਦ ਰਹੇਗਾ!

ਸਾਰੇ: ਮਾਂ ਤੇਰਾ ਨਾਮ ਰਹੇਗਾ!

ਔਰਤ: ਅੱਲ੍ਹਾ ਦੇ ਵਾਸਤੇ ਮੈਨੂੰ ਲੰਘ ਜਾਣ ਦਿਓ ਮੈਂ ਮਰ ਜਾਵਾਂਗੀ।

?: ਸਾਡੀ ਮਾਂ ਮਰਗੀ... ਜੇ ਤੂੰ ਮਰ ਜਾਏਂਗੀ ਫੇਰ ਕੀ ਪਹਾੜ ਡਿੱਗ ਜਾਊ।

ਔਰਤ: ਪਹਾੜ ਮੇਰੇ ਮਰਨ ਨਾਲ ਨਹੀਂ ਡਿੱਗਣਾ.... ਮੇਰੀ ਨੰਨੀ ਜਾਨ ਦੇ ਮਰਨ ਨਾਲ ਡਿੱਗਣਾ.... ਮੈਂ ਮਾਂ ਬਣਨ ਜਾ ਰਹੀ ਹਾਂ, ਮਾਂ ਬਣਨ ਤੋਂ ਪਹਿਲਾਂ ਨਾ ਮਾਰੋ।

ਸਾਰੇ: ਜਬ ਤਕ ਸੂਰਜ ਚਾਂਦ ਰਹੇਗਾ, ਮਾਂ ਤੇਰਾ ਨਾਮ ਰਹੇਗਾ!

ਪਤੀ: ਭਾਈ ਸਾਹਿਬ ਸਾਨੂੰ ਲੰਘ ਜਾਣ ਦਿਓ ਜੇ ਇਹ ਟਾਈਮ ਸਿਰ ਹਸਪਤਾਲ ਨਾ ਪਹੁੰਚੀ ਤਾਂ ਮਰ ਜਾਏਗੀ ਉਹ ਨੰਨੀ ਜਾਨ ਵੀ ਮਰ ਜਾਏਗੀ।

?: ਕਿਉਂ ਤੇਰੀ ਮਾਂ ਲੱਗਦੀ ਐ।

ਪਤੀ: ਨਹੀਂ ਮਾਂ ਬਣਨ ਵਾਲੀ ਐ। ਮੈਂ ਤੁਹਾਡੇ ਪੈਰੀਂ ਪੈਨਾ, ਉਹ ਮਰ ਜਾਏਗੀ ਸਾਨੂੰ ਲੰਘ ਜਾਣ ਦਿਓ, ਅੱਲ੍ਹਾ ਦੇ ਵਾਸਤੇ...... ਮੈਂ ਤੁਹਾਡੇ ਪੈਰੀਂ ਪੈਨਾ ਮੇਰੀ ਘਰਵਾਲੀ ਮਰ ਜਾਏਗੀ ਮੇਰੀ.......

ਮੰਤਰੀ 3: ਮਰਦੀ ਐ ਤਾਂ ਮਰ ਜਾਏ..... ਸਾਡੀ ਮਾਂ ਮਰਗੀ ਉਸ ਦਾ ਦੁੱਖ ਨਹੀਂ ਤੈਨੂੰ ?..... ਇਹ ਭਾਰਤ ਉਦੋਂ ਤੱਕ ਬੰਦ ਰਹੇਗਾ, ਜਦੋਂ ਤੱਕ ਉਹ ਸਰਦਾਰ ਟਰੱਕ ਡਰਾਈਵਰ ਫੜਿਆ ਨਹੀਂ ਜਾਂਦਾ। ਜਿਹਨੇ ਸਾਡੀ ਮਾਂ ਨੂੰ ਮਾਰਿਆ...... ਅਸੀਂ ਡਰਾਈਵਰ ਨੂੰ ਇਸ ਚੌਂਕ ਵਿੱਚ ਨੰਗਾ ਕਰਕੇ ਕੁੱਟ ਕੁੱਟ ਗੱਡੀ ਪਿੱਛੇ ਘੜੀਸ-ਘੜੀਸ ਕੇ ਮਾਰਨਾ..... ਫੇਰ ਧਰਨਾ ਚੁੱਕਣਾ......

ਔਰਤ: ਮੇਰਾ ਕੀ ਕਸੂਰ ਐ.... ਮੈਂ ਮਰ ਰਹੀ ਹਾਂ, ਮੈਂ ਹੌਕੇ ਭਰ ਰਹੀ ਹਾਂ(ਚੀਕਾਂ ਮਾਰ ਰਹੀ ਮਰ ਰਹੀ ਹੈ ਪਤੀ ਤਰਲੇ ਕਰ ਰਿਹਾ)

ਪਤੀ: ਅੱਲ੍ਹਾ ਦੇ ਕਹਿਰ ਤੋਂ ਡਰੋ। ਉਹ ਮਰ ਰਹੀ ਹੈ। ਬਚਾਓ! ਬਚਾਓ! ਨਹੀਂ!!!! ਮਰ ਗਈ.....(ਉਦਾਸ ਸੰਗੀਤ ਪਤੀ ਹੌਲੀ-ਹੌਲੀ ਉਹਨਾਂ ਦੀ ਮਾਂ ਦੀ ਲਾਸ਼ ਕੋਲ ਆਉਂਦਾ)
ਦਿਖਾਓ ਤੁਹਾਡੀ ਮਾਂ......(ਲਾਸ਼ ਤੋਂ ਕੱਪੜਾ ਚੁੱਕਦੇ ਹਨ)

ਗਾਂ!

ਨੇਤਾ 3: ਮਾਂ!

ਪਤੀ: ਗਾਂ!!

ਨੇਤਾ 3: ਮਾਂ!!

ਪਤੀ: ਗਾਂ!!! ਮਾਂ ਤਾਂ ਮਰ ਗਈ ਮਾਂ ਮਰ ਗਈ!!!

**ਗੀਤ**-6

ਮਰੇ ਜੇ ਬੰਦਾ ਲੋਕ ਤਾਂ ਲੰਘ ਜਾਂਦੇ ਚੁੱਪ ਕਰਕੇ
ਕੋਈ ਨਾ ਇੱਥੇ ਹਾਉਂਕਾ ਭਰਦਾ, ਦਿਲ ਉੱਤੇ ਹੱਥ ਧਰ ਕੇ
ਪਸ਼ੂ ਮਰੇ ਤਾਂ ਸੜਕਾਂ ਉੱਤੇ, ਭੀੜ ਪਲਾਂ ਵਿੱਚ ਭੜਕੇ
ਗਊ ਭਗਤਾਂ ਦੀ ਬਸਤੀ ਅੰਦਰ, ਕਦ ਤੱਕ ਏਦਾਂ ਕਹਿਰ ਢਹੇਗਾ
ਇੱਕ ਮਨਹੂਸ ਖ਼ਬਰ ਐ ਆਈ, ਕੱਲ੍ਹ ਫਿਰ ਭਾਰਤ ਬੰਦ ਰਹੇਗਾ।

## **ਦ੍ਰਿਸ਼** -8

ਪੰਜਾਬ: ਪਿੰਜਰੇ ਥਾਂ-ਥਾਂ ਮਿਲਣਗੇ, ਬੇਵਸੀ ਦੇ ਦੌਰ ਵਿੱਚ
ਅਰਸ਼ ਤੱਕ ਫੈਲੇਗਾ ਧੂੰਆਂ, ਫਿਰ ਦੰਗੇ ਹੋਣਗੇ
ਕਾਤਿਲਾਂ ਨੇ ਘੁੰਮਣਾ ਹੈ, ਸਾਧੂਆਂ ਦੇ ਭੇਸ ਵਿੱਚ
ਡਾਕੂਆਂ ਦੇ ਮੋਮਨਾਂ ਵਰਗੇ ਮੜੰਗੇ ਹੋਣਗੇ
ਗਾਂ ਬਣੇਗੀ ਚਿੰਨ੍ਹ ਦੇਖੀਂ, ਚਾਰ ਸ਼ੇਰਾਂ ਦੀ ਜਗਾ
ਬੀਤ ਚੁੱਕੇ ਵਕਤ ਦੀ, ਗਾਥਾ ਤਿਰੰਗੇ ਹੋਣਗੇ। (ਗੁਰਦਿਆਲ ਰੌਸ਼ਨ ਦੀਆਂ ਸਤਰਾਂ) ਇਹ ਸਾਡੇ ਸਮਿਆਂ 'ਚ ਹੀ ਹੋਣਾ ਸੀ ਮਾਵਾਂ ਨੇ ਮਰਨ ਤੇ ਮਾਵਾਂ ਨੇ ਜਿਉਣਾ ਸੀ, ਭੂਸਰੇ ਹੋਏ ਸਾਨਾ ਧੀਆਂ ਨੂੰ ਡਰਾਉਣਾ ਸੀ ਤੇ ਧੀਆਂ ਪਾਗ਼ਲ ਹੋ ਕੇ ਸੜਕਾਂ ਤੇ ਬਾਬਰਿਆਂ ਵਾਂਗ ਘੁੰਮਣਾ......

## ਦ੍ਰਿਸ਼-9

ਕੁੜੀ: (ਇੱਕ ਪੱਥਰ ਜਿਸ ਨੂੰ ਉਹ ਰੱਬ ਮੰਨਦੀ ਹੈ ਚੁੱਕ ਫਿਰਦੀ ਹੈ) ਰੱਬਾ! ਉਹ ਰੱਬਾ! ਮੈਨੂੰ ਇਨਸਾਫ ਚਾਹੀਦਾ, ਭਗਵਾਨ ਜੀ! ਅੱਲ੍ਹਾ ! ਮੈਨੂੰ ਇਨਸਾਫ ਚਾਹੀਦਾ, ਸੁਣਦਾ ਮੇਰੀ ਗੱਲ?

ਸਾਰੇ: (ਹੱਸਦੇ ਹਨ) ਹੀ ਹੀ ਹੀ ਹੀ !

ਕੁੜੀ: ਤੁਸੀਂ ਹੱਸ ਕਿਉਂ ਰਹੇ ਹੋ

1: ਤੇਰੇ ਭੋਲੇਪਣ 'ਤੇ

2: ਤੇਰੇ ਬਚਪਨ 'ਤੇ

ਕੁੜੀ: ਕਿਉਂ

3: ਰੱਬ ਇੱਥੇ ਕਿੱਥੇ ਐ?

4: ਉਹ ਤਾਂ ਦੂਰ ਅੰਬਰਾਂ 'ਚ ਬੈਠਾ

5: ਉੱਥੇ ਕਿਸੇ ਦੀ ਆਵਾਜ਼ ਨਹੀਂ ਜਾਂਦੀ

6: ਜੇ ਰੱਬ ਤੱਕ ਆਵਾਜ਼ ਨਹੀਂ ਜਾਂਦੀ ਮੈਨੂੰ ਦੱਸੋ ਸਦੀਆਂ ਤੋਂ ਪਾਠ ਕਰਦੇ ਹੋਂ , ਆਰਤੀ ਕਰਦੇ ਹੋਂ, ਪੂਜਾ ਕਰਦੇ ਹੋਂ,ਸੰਖ ਵਜਾਉਂਦੇ ਹਹੋਂ , ਚਿਮਟੇ ਵਜਾਉਂਦੇ ਹੋਂ , ਟੱਲ ਖੜਕਾਉਂਦੇ ਹਹੋਂ , ਢੋਲਕੀ ਕੁੱਟਦੇ ਹੋਂ, ਵਾਜੇ ਵਜਾਉਂਦੇ ਹੋਂ , ਕਿਸ ਨੂੰ ਜਗਾਉਂਦੇ ਹੋਂ .... ਜੇ ਉਸ ਤੱਕ ਆਵਾਜ਼ ਨਹੀਂ ਜਾਂਦੀ ਫੇਰ ਮੱਝ ਅੱਗੇ ਬੀਨ ਵਜਾਉਣ ਦਾ ਕੀ ਫਾਇਦਾ।

ਕੁੜੀ: ਕਿਰਨਜੀਤ, ਆਸ਼ਿਫਾ, ਦਾਮਨੀ ਤੇ ਜਾਂ ਨਿਰਭੈ ਆ

1: ਤੇਰਾ ਪਿੰਡ?

ਕੁੜੀ: ਮਹਿਲ ਕਲਾਂ, ਦਿੱਲੀ, ਕਠੂਆ, ਹਾਥਰਸ, ਨਾਭਾ..... ਕੀ ਗੱਲ ਚੁੱਪ ਕਿਉਂ ਕਰ ਗਏ, ਕੁੱਝ ਤੇ ਬੋਲੋ, ਬੋਲਦੇ ਕਿਉਂ ਨਹੀਂ ਸਾਰਾ ਦੇਸ਼ ਚੁੱਪ! ਪ੍ਰਧਾਨ ਮੰਤਰੀ ਚੁੱਪ, ਮੁੱਖ ਮੰਤਰੀ ਚੁੱਪ, ਭਗਵਾਨ ਵੀ ਚੁੱਪ, ਸਭ ਚੁੱਪ?

2: ਨਾ ਨਾ ਨਾ ਸਾਡੇ ਪਿੰਡ ਦੇ ਮੁੰਡਿਆਂ ਨੇ ਮੋਮਬੱਤੀਆਂ ਜਾਗ ਕੇ ਰੈਲੀ ਕੱਢੀ ਸੀ। ਤੇਰੀ ਖਾਤਰ ਭਗਤ ਸਿੰਘ ਦੇ ਬੁੱਤ ਤੋਂ ਲੈ ਕੇ ਗਾਂਧੀ ਦੇ ਬੁੱਤ ਤੱਕ ਨਾਹਰੇ ਲਾ ਕੇ ਕੈਂਡਲ ਮਾਰਚ ਕੀਤਾ ਸੀ।

ਕੁੜੀ: ਬਸ ਮੋਮਬੱਤੀਆਂ ਜਗਾਉਣ ਨਾ ਇਨਸਾਫ ਮਿਲ ਜਾਂਦਾ? 15 ਦਿਨਾਂ ਬਾਅਦ ਹੁਸ਼ਿਆਰਪੁਰ 'ਫੇਰ ਮੇਰੇ ਨਾਲ ਜ਼ਬਰਦਸਤੀ ਹੋਈ ਤੇ ਕੱਲ੍ਹ ਨਾਭੇ ਵਿੱਚ ਮੇਰੀ ਇੱਜ਼ਤ ਤਾਰ ਤਾਰ ਕਰ ਦਿੱਤੀ ਗਈ।

3: ਉਸ ਦਿਨ ਵੀ ਸਾਡੇ ਪਿੰਡ ਦੇ ਲੋਕਾਂ ਨੇ ਨਾਹਰੇ ਲਾਏ ਮੁਰਦਾਬਾਦ ਮੁਰਦਾਬਾਦ ਕਿਹਾ ਸੀ।

ਕੁੜੀ: ਬਸ ਫੇਰ ਚੁੱਪ! ਅਖ਼ਬਾਰਾਂ ਦੀਆਂ ਸੁਰਖੀਆਂ ਬਣੀਆਂ, ਚੈਨਲਾਂ ਵਾਲੇ ਦੋ ਦਿਨ ਭੌਂਕੇ ਫੇਰ ਚੁੱਪ! ਸਭ ਚੁੱਪ! ਪਰ ਹੁਣ ਮੈਂ ਚੁੱਪ ਨਹੀਂ ਰਹਾਂਗੀ, ਚੁੱਪ ਤੋੜਾਂਗੀ.....।

4: ਚੁੱਪ? ਕਿਸ ਦੀ?

ਕੁੜੀ: ਇਨਸਾਨਾ

5: ਇਨਸਾਨਾ?

ਕੁੜੀ: ਭਗਵਾਨਾ

6: ਭਗਵਾਨਾਂ ਦੀ?

ਕੁੜੀ? ਇਨਸਾਨਾਂ ਤੇ ਭਗਵਾਨਾਂ ਵਿੱਚ ਬੈਠੇ ਸ਼ੈਤਾਨਾਂ ਦੀ

1: ਇਹਦੇ 'ਚ ਭਗਵਾਨਾਂ ਦਾ ਕੀ ਕਸੂਰ ਐ?

ਕੁੜੀ: ਆਸ਼ਿਫਾ ਭਗਵਾਨ ਦੀ ਪਵਿੱਤਰ ਦੇਹਲੀ 'ਤੇ ਕੂਕਦੀ ਰਹੀ ਕੁਰਲਾਉਂਦੀ ਰਹੀ, ਸਹਿਕ-ਸਹਿਕ ਦਮ ਤੋੜਦੀ ਰਹੀ..... ਪਰ ਭਗਵਾਨ ਸੈੱਲ ਪੱਥਰ ਬਣਿਆ ਰਿਹਾ....

2: ਕਿਉਂ?

ਕੁੜੀ: ਕਿਉਂ? ਕਿਉਂਕਿ ਭਗਵਾਨ ਦੀ ਅੱਲ੍ਹਾ ਨਾਲ ਦੁਸ਼ਮਣੀ ਐ

3: ਫੇਰ ਤੂੰ ਕੀ ਕਹਿਣਾ?

ਕੁੜੀ: ਦੁਸ਼ਮਣੀ ਤਾਂ ਇਹਨਾਂ ਮਰਦਾਂ ਦੀ ਹੁੰਦੀ ਆ ਪਰ ਬਲੀ ਦਾ ਬੱਕਰਾ ਔਰਤਾਂ ਨੂੰ ਕਿਉਂ ਬਣਾਇਆ ਜਾਂਦਾ ਤੇ ਇਹ ਰੱਬ ਭਗਵਾਨ ਚੁੱਪ ਕਿਉਂ ਹੋ ਜਾਂਦੇ ਨੇ......

4: ਇਹ ਸਭ ਪੈਸੇ ਦਾ ਕਮਾਲ ਐ, ਪੈਸਾ ਸਭ ਨੂੰ ਚੁੱਪ ਕਰਵਾ ਦਿੰਦਾ।

ਕੁੜੀ: ਭਗਵਾਨ ਨੂੰ ਵੀ

5: ਹਾਂ ਸਭ ਨੂੰ ਈ.... ਨਾਲੇ ਭਗਵਾਨ ਦਾ ਕੀ ਐ ਭਗਵਾਨ ਤਾਂ ਜਿਹੋ ਜਿਹਾ ਮਰਜੀ ਖਰੀਦ ਲੈ, ਸੋਨੇ ਦਾ, ਚਾਂਦੀ ਦਾ! ਪਿੱਤਲ ਦਾ! ਇੱਥੋਂ ਤੱਕ ਮਿੱਟੀ ਦਾ ਵੀ

6: ਨਾਲ਼ੇ ਹੁਣ ਤਾਂ ਮੋਬਾਇਲ ਵਾਂਗ ਚਾਈਨਾ ਮੇਡ ਵੀ ਮਿਲਦੇ ਨੇ ਚੀਪ ਐਂਡ ਬੈੱਸਟ।

1: ਇਸ ਕਰਕੇ ਚੁੱਪ ਰਹਿ ਤੇਰੀ ਆਵਾਜ਼ ਅੰਬਰਾਂ ਤੱਕ ਨਹੀਂ ਜਾਣੀ।

ਕੁੜੀ: ਨਾਲ਼ੇ ਕਹਿੰਦੇ ਰੱਬ ਪੱਤੇ-ਪੱਤੇ, ਕਣ-ਕਣ ਵਿੱਚ ਵਸਦੈ?

2: ਹਾਂ ਹਾਂ ਉਹ ਤਾਂ ਥਾਂ ਹਾਜ਼ਰ ਏ....

ਕੁੜੀ: ਇੱਥੇ ਵੀ? ਉੱਥੇ ਵੀ? ਤੇਰ 'ਚ ਵੀ? ਮੇਰੇ 'ਚ ਵੀ? ਮੰਦਰ 'ਚ ਵੀ ਪੰਡਤ 'ਚ ਵੀ ?ਪੱਥਰ 'ਚ ਵੀ ?....

3: ਹਰ ਥਾਂ ਕਣ-ਕਣ ਵਿੱਚ

ਕੁੜੀ: ਪੱਥਰ ਵਿੱਚ ਵੀ, ਪੰਡਤ ਵਿੱਚ ਵੀ, ਪੰਡਤ ਵਿੱਚ ਵੀ ਤੇ ਪੱਥਰ ਵਿੱਚ ਵੀ। (ਪੱਥਰ ਨੂੰ ਤੋੜਦੀ ਹੈ) ਤੂੰ ਮੇਰੇ ਨਾਲ ਰੇਪ ਕੀਤਾ, ਅੱਜ ਅਬਦਾਲੀ

ਬਾਹਰੋਂ ਨਹੀਂ ਆਇਆ, ਅੰਦਰੋਂ ਹੀ ਉਠਿਆ ਇਹ ਅਬਦਾਲੀ ਮੱਸਾ, ਬਾਬਰ, ਔਰੰਗਾ ਅੰਦਰੋਂ ਉੱਠਦੇ ਨੇ, ਧੋਤੀਆਂ ਚਾਦਰੇ ਪਾ ਕੇ ਇੱਜ਼ਤਾਂ ਲੁੱਟਦੇ ਨੇ ਮੈਨੂੰ ਅੰਦਰੋਂ ਖ਼ਤਰਾ ਮੈਨੂੰ ਤੇਰੇ ਤੋਂ ਖ਼ਤਰਾ ਮੈਂ ਤੈਨੂੰ ਨਹੀਂ ਛੱਡਾਂਗੀ ਮਾਰ ਦਿਆਂਗੀ ਮਾਰ ਦਿਆਂਗੀ....

**ਗੀਤ**-7

ਧੀਆਂ ਨੂੰ ਨਾ ਮਿਲਦੀ ਕਿੱਧਰੇ(ਇੱਥੇ) ਢੋਈ
ਰੋਜ਼ ਵਿਚਾਰੀਆਂ ਪਲ-ਪਲ(ਤਿਲ ਤਿਲ) ਮਰਦੀਆਂ, ਆਪਣੇ ਦਰਦ ਲਕੋਈ
ਭਗਤ ਸਿੰਘ ਦੇ ਖਾਬ ਦੀ ਇਹ ਧਰਤੀ ਕੈਸੀ ਹੋਈ....
ਇਸ ਮੁਲਕ ਨੂੰ ਫਿਰ ਕੋਈ ਕਿੱਦਾਂ ਆਪਣਾ ਮੁਲਕ ਕਹੇਗਾ
ਇੱਕ ਮਨਹੂਸ ਖ਼ਬਰ ਹੈ ਆਈ, ਕੱਲ੍ਹ ਫਿਰ ਭਾਰਤ ਬੰਦ ਰਹੇਗਾ।

( ਗੀਤ ਵਿਚ ਕਾਰਜ ਵਾਪਰਦਾ ਹੈ )

ਕੁੜੀ: ਤੁਸੀਂ ਮੇਰੀ ਇੱਜ਼ਤ ਕੀ ਤਾਰ ਤਾਰ ਕਰੋਂਗੇ, ਮੈਂ ਤੁਹਾਡੀ ਇੱਜ਼ਤ ਤਾਰ ਤਾਰ ਕਰਦੀ ਹਾਂ, ਜਾਓ ਮੈਂ ਤੁਹਾਡੇ ਇਸ ਅਖੌਤੀ ਸਾਊ ਸਮਾਜ ਨੂੰ ਛੱਡਦੀ ਹਾਂ...... ਮੈਂ ਤੁਹਾਡੀਆਂ ਇਹ ਅਖੌਤੀ ਰਸਮਾਂ ਨੂੰ ਠੋਕਰ ਮਾਰਦੀ ਹਾਂ। ਮੇਰੀ ਬੇਅਦਬੀ ਕਰਨ ਵਾਲਿਓ ਮੈਂ ਤੁਹਾਡੇ ਅਦਬ ਨੂੰ ਲੀਰੋ ਲੀਰ ਕਰਦੀ ਹਾਂ ਤੇ ਇਸ ਧਰਤ ਤੋਂ ਕੂਚ ਕਰਦੀ ਹਾਂ......(ਅਸਮਾਨ ਵੱਲ ਨੂੰ ਜਾਂਦੀ ਹੈ )...... ਹਿੰਮਤ ਹੈ ਤਾਂ ਪਹਿਲਾਂ ਮੇਰੇ ਬਰਾਬਰ ਆ ਕੇ ਖੜੋ।

ਪੰਜਾਬ: ਆਸਫਾ ਨਾ ਜਾ! ਦਾਮਨੀ ਮੈਂ ਲੜਾਂਗਾ! ਮੈਂ!
(ਕੁੜੀ ਉੱਪਰੋਂ ਡਿੱਗ ਜਾਂਦੀ ਹੈ) ਕਿਰਨਾ!!!!

ਗੀਤ

ਇੱਕ ਮਨਹੂਸ ਖ਼ਬਰ ਹੈ ਆਈ, ਕੱਲ੍ਹ ਫਿਰ ਭਾਰਤ ਬੰਦ ਰਹੇਗਾ।

(ਫੇਡ ਆਊਟ )

## **ਦ੍ਰਿਸ਼** -10

ਪੰਜਾਬ: ਇਹ ਸਾਡੇ ਸਮਿਆਂ 'ਚ ਹੀ ਹੋਣਾ ਸੀ ਮਾਵਾਂ ਨੇ ਮਰਨਾ ਤੇ ਗਾਵਾਂ ਨੇ ਜਿਉਣਾ ਸੀ ਭੂਸਰੇ ਸਾਨਾ ਨੇ ਧੀਆਂ ਨੂੰ ਡਰਾਉਣਾ ਸੀ....

1: ਧਾਰਮਿਕ ਵੇਦਾਂ ਦੇ ਅੰਗ ਪਾੜ ਦਿੱਤੇ, ਰਾਜਨੀਤੀ ਹੋਈ ਭਾਰਤ ਬੰਦ ਹੋਇਆ ਤੇ ਤੁਸੀਂ ਕਾਲੇ ਕੱਪੜੇ ਵਾਲੇ ਨੂੰ ਪਛਾਣ ਲਿਆ ਪਰ ਸੱਚ ਬੋਲਣ 'ਤੇ ਚੁੱਪ ਰਹੇ।

2: ਜਾਤਾਂ ਦੇ ਨਾਂ ਤੇ ਦੰਗਾਂ ਫਸਾਦ ਹੋਇਆ, ਰਾਜਨੀਤੀ ਹੋਈ, ਭਾਰਤ ਬੰਦ ਹੋਇਆ ਤੁਸੀਂ ਕਾਲੇ ਕੱਪੜੇ ਵਾਲੇ ਨੂੰ ਪਛਾਣ ਲਿਆ ਪਰ ਸੱਚ ਬੋਲਣ 'ਤੇ ਚੁੱਪ ਰਹੇ।

3: ਜਾਨਵਰ ਦੇ ਨਾਂ ਤੇ ਫਸਾਦ ਹੋਇਆ, ਰਾਜਨੀਤੀ ਹੋਈ, ਭਾਰਤ ਬੰਦ ਹੋਇਆ, ਤੁਸੀਂ ਕਾਲੇ ਕੱਪੜੇ ਵਾਲੇ ਨੂੰ ਪਛਾਣ ਲਿਆ ਪਰ ਸੱਚ ਬੋਲਣ 'ਤੇ ਚੁੱਪ ਰਹੇ।

4: ਇੱਟਾਂ ਵੱਟਿਆਂ ਦੀਆਂ ਦੀਵਾਰਾਂ ਦੇ ਰੌਲ਼ੇ 'ਤੇ ਤੁਸੀਂ ਬਾਹਰ ਨਿਕਲੇ

5: ਧਰਮਾਂ ਦੇ ਰੌਲ਼ੇ ਰੱਖਿਆ ਦੀ ਥਾਂ 'ਤੇ ਤੁਸੀਂ ਬਾਹਰ ਨਿਕਲੇ

6: ਜਾਤਾਂ, ਜਾਨਵਰਾਂ, ਗ੍ਰੰਥਾਂ ਦੀ ਥਾਂ 'ਤੇ ਤੁਸੀਂ ਬਾਹਰ ਨਿਕਲੇ

ਪੰਜਾਬ: ਅੱਜ ਇੱਕ ਧੀ ਧਿਆਣੀ ਦੀ ਅਸਮਤ ਲੁੱਟੀ ਗਈ ਤੁਸੀਂ ਘਰ ਦੇ ਅੰਦਰ ਵੜ ਗਏ? ਰੱਬ ਦੇ ਦਰਾਂ 'ਤੇ 6 ਸਾਲ ਦੇ ਫੁੱਲ ਨੂੰ ਮਧੋਲਿਆ ਗਿਆ ਤੁਸੀਂ ਅੰਦਰ ਵੜ ਗਏ? ਇੱਕ ਮਾਂ ਨੂੰ ਨੰਗਿਆਂ ਕਰਕੇ ਪਿੰਡ 'ਚ ਘੁਮਾਇਆ ਗਿਆ ਤੁਸੀਂ ਅੰਦਰ ਵੜ ਗਏ? ਇੱਕ ਕਲੀ ਨੂੰ ਤੇਜ਼ਾਬ ਪਾ ਕੇ ਮਚਾ ਦਿੱਤਾ, ਤੁਸੀਂ ਸੱਚ ਬੋਲਣ ਦੇ ਡਰੋਂ ਅੰਦਰ ਰਹੇ। ਰੱਬ ਦੇ ਘਰ ਲਈ ਗਰੀਬਾਂ ਦੀਆਂ ਝੁੱਗੀਆਂ ਢਾਹ ਦਿੱਤੀਆਂ, ਕੀ ਇਹ ਬੇਅਦਬੀ ਨਹੀਂ....
ਉਹ ਬੇਅਦਬੀ ਦੇ ਠੇਕੇਦਾਰੋ ਕੌਣ ਬੋਲੂਗਾ ਸੱਚ?
....ਹਾਂ ਮੈਂ ਬੋਲਾਂਗਾ ਸੱਚ...ਤੇ ਤੁਹਾਨੂੰ ਪੁੱਛਦਾ ਹਾਂ.....
"ਫੋਟੋਆਂ ਦੇ ਨਾਂ 'ਤੇ ਧਰਨੇ ਲਾਉਣ ਵਾਲਿਓ!"
"ਬੇਅਦਬੀ ਦੇ ਨਾਂ 'ਤੇ ਇਕੱਠੇ ਹੋਣ ਵਾਲਿਓ!"
"ਧਰਮਾਂ ਦੇ ਨਾਂ 'ਤੇ ਔਰਤਾਂ ਦਾ ਪੇਟ ਚੀਰਨ ਵਾਲਿਓ!"
"ਝੰਡਿਆਂ ਦੇ ਨਾਂ 'ਤੇ ਕਤਲ ਕਰਨ ਵਾਲਿਓ!"
"ਕਾਗਜ਼ਾਂ ਦੇ ਨਾਂ 'ਤੇ ਗੁੱਟ ਵੱਢਣ ਵਾਲਿਓ!"
"ਮੀਟ ਦੇ ਨਾਂ 'ਤੇ ਕੁੱਟ ਕੇ ਬੰਦਾ ਮਾਰਨ ਵਾਲਿਓ!"
"ਬਰਸੀਆਂ 'ਤੇ ਇਕੱਠ ਕਰਨ ਵਾਲਿਓ!"
"ਮੇਜ ਕੁਰਸੀਆਂ ਤੋੜਨ ਵਾਲਿਓ!"
ਕੌਣ ਬੋਲੂਗਾ ਸੱਚ?
ਕੌਣ ਬੋਲੇਗਾ ਇਸ ਬੇਅਦਬੀ ਦੇ ਖਿਲਾਫ?

1: ਮੈਂ ਬੋਲਾਂਗਾ!

2: ਮੈਂ ਬੋਲਾਂਗਾ!

3: ਮੈਂ ਬੋਲਾਂਗਾ!

4: ਮੈਂ ਬੋਲਾਂਗਾ!

ਸਾਰੇ: ਮੈਂ ਬੋਲਾਂਗਾ!!!!

ਪੰਜਾਬ: ਸੱਚ ਬੋਲਿਆਂ ਭਾਂਬੜ ਮੱਚੇਗਾ ?
ਸਾਰੇ: ਉਹ ਭਾਂਬੜ ਹੀ ਕਾਹਦਾ ਜੋ ਮੱਚਿਆ ਹੀ ਨਾ...

(ਤੁਰੰਤ ਗੀਤ ਸ਼ੁਰੂ ਹੁੰਦਾ ਹੈ)

**ਗੀਤ**

ਸੱਚ ਬੋਲਿਆਂ ਭਾਂਬੜ ਮੱਚਦਾ ਏ,
ਸੱਚ ਬੋਲਿਆਂ ਭਾਂਬੜ ਮੱਚਦਾ ਏ....

ਜਿਸ ਅੰਦਰ ਵੀ ਸੱਚ ਤੇ ਹੱਕ ਦਾ ਦੀਵਾ ਜਗਦਾ ਏ
ਦੇਸ਼ ਧ੍ਰੋਹੀ ਦਾ ਹੀ ਉਸ 'ਤੇ ਠੱਪਾ ਲੱਗਦਾ ਏ
ਦੇਸ਼ ਦੇ ਜਾਬਰ ਜ਼ੁਲਮ ਨੂੰ ਇਹ ਕਿੱਥੇ ਪੱਚਦਾ ਏ
ਸੱਚ ਬੋਲਿਆਂ ਭਾਂਬੜ ਮੱਚਦਾ ਏ.....

ਦੇਸ਼ ਦੇ ਹੀ ਸੰਵਿਧਾਨ ਨੂੰ ਪੈਰਾਂ ਵਿੱਚ ਰੋਲ ਰਿਹਾ
ਮਨ ਕੀ ਬਾਤ ਸੁਣਾਉਂਦਾ ਕਿੱਡਾ ਕੁਫ਼ਰ ਹੈ ਤੋਲ ਰਿਹਾ
ਕਰਦਾ ਹੈ ਕੁਝ ਹੋਰ, ਮੁਲਕ ਨੂੰ ਹੋਰ ਈ ਦੱਸਦਾ ਏ
ਸੱਚ ਬੋਲਿਆਂ ਭਾਂਬੜ ਮੱਚਦਾ ਏ....

ਰੋਜ਼ ਦਿਹਾੜੇ ਧੀਆਂ ਦੀ ਤਾਂ ਅਸਮਤ(ਅਜ਼ਮਤ)ਰੁਲਦੀ ਏ
ਦੇਸ਼ ਦੇ ਹਾਕਮ ਦੀ ਫਿਰ ਵੀ ਕਿਉਂ ਅੱਖ ਨਾ ਖੁੱਲ੍ਹਦੀ ਏ
ਪਤਾ ਨਈਂ ਚੰਦਰਾ ਕਿਹੜੀ ਦੁਨੀਆ ਦੇ ਵਿੱਚ ਵੱਸਦਾ ਏ
ਸੱਚ ਬੋਲਿਆਂ ਭਾਂਬੜ ਮੱਚਦਾ ਏ.....

ਹਰ ਇੱਕ ਚੌਂਕ ਚੁਰੱਸਤੇ 'ਤੇ ਉਹ ਪਹਿਰੇ ਲਾ ਦਿੰਦਾ
ਸੱਚ ਕੋਈ ਨਾ ਬੋਲੇ ਜਾਬਰ ਹੁਕਮ ਸੁਣਾ ਦਿੰਦਾ
ਪਤਾ ਨਈਂ ਉਹਨੂੰ ਨਾਗ ਕੋਈ ਜ਼ਹਿਰੀਲਾ ਡੱਸਦਾ ਏ
ਸੱਚ ਬੋਲਿਆਂ ਭਾਂਬੜ ਮੱਚਦਾ ਏ....

ਇਸ ਧਰਤੀ ਬੜੇ ਨਿਜ਼ਾਮ ਹੀ ਜਾਂਦੇ ਆਉਂਦੇ ਨੇ
ਸੱਚ ਨਾਲ ਪ੍ਰਣਾਏ ਤਾਂ ਮਰਕੇ ਵੀ ਜਿਉਂਦੇ ਨੇ
ਉ ਕੀ ਜਾਣੇ ਸੱਚ ਤਾਂ ਸੂਲੀ 'ਤੇ ਵੀ ਨੱਚਦਾ ਏ
ਸੱਚ ਬੋਲਿਆਂ ਭਾਂਬੜ ਮੱਚਦਾ ਏ....
(ਸਾਰੇ ਗੀਤ ਵਿਚ ਸਮੁੱਚੇ ਪਾਤਰ ਕਾਰਜ ਕਰਦੇ ਹਨ)

**ਡਾ. ਸੋਮਪਾਲ ਹੀਰਾ**
**98158-15892**

# ਪੁਸਤਕ ਸਮੀਖਿਆ

ਡਾ. ਜਗੀਰ ਸਿੰਘ ਨੂਰ ਰਚਿਤ ਇਹ ਪੁਸਤਕ ਨਿਬੰਧ-ਪੰਜਾਬੀ ਸਾਹਿਤ ਆਲੋਚਨਾ, ਪੰਜਾਬੀ ਸੱਭਿਆਚਾਰ/ਲੋਕਧਾਰਾ ਦੀ ਖੋਜ ਤੇ ਪੰਜਾਬੀ ਚੰਗੀ ਪਛਾਣ ਬਣਾ ਚੁੱਕਾ ਹੈ। ਮੰਨੀ ਗਈ ਹੈ

ਨਿਬੰਧ ਸਿਰਜਣਾ ਵਿਦਵਾਨਾਂ ਅਨੁਸਾਰ ਸਾਹਿਤ ਸਿਰਜਣਾ ਦੀ ਜਦੋਂ ਕਿ ਵਾਰਤਕ ਦੀ ਕਸਵੱਟੀ ਨਿਬੰਧ-ਰਚਨਾ ਮੰਨੀ ਗਈ ਹੈ, ਕਿਉਂਕਿ ਨਿਬੰਧ ਦੀ ਸਿਰਜਣਾ ਕਰਨ ਵਿੱਚ ਵਲਵਲਿਆਂ ਤੇ ਕਲਪਨਾ ਜਿਹੇ ਮੀਰੀ ਗੁਣਾ ਤੋਂ ਵੀ ਵਧੇਰੇ ਬੁੱਧੀ ਤੱਤ ਦੀ ਪ੍ਰਮੁੱਖਤਾ ਹੁੰਦੀ ਹੈ। ਇਸ ਸਾਹਿਤਕ ਰੂਪ ਵਿੱਚ ਸ਼ਬਦਾਂ ਦੇ ਸਾਰਥਕ ਸੁਮੇਲ ਤੋਂ ਵਾਕ ਸਿਰਜੇ ਜਾਂਦੇ ਹਨ। ਵਾਕਾਂ ਦੀ ਉਚਿਤ ਜੜਤ ਨਾਲ ਪੇਰ੍ਹੇ ਬਣਦੇ ਹਨ ਅਤੇ ਪੇਰ੍ਹ?ਆਂ ਨੂੰ ਲੜੀ-ਬੱਧ ਕਰ ਕੇ ਕਲਾਤਮਿਕਤਾ ਨਾਲ ਇਕ ਵਹਾਉ-ਦ੍ਰਿਸ਼ਟੀ 'ਚ ਸੰਜੋਇਆ (ਪਰੋਇਆ) ਜਾਂਦਾ ਹੈ। ਪਾਤਾਲ ਤੋਂ ਆਕਾਸ਼ ਤੱਕ ਦੇ ਫੈਲਾਓ ਵਿੱਚੋਂ ਕਿਸੇ ਵੀ ਵਿਸ਼ੇ ਨੂੰ ਚੁਣ ਕੇ ਉਸ ਦੀਆਂ ਵਿਭਿੰਨ ਵਿਚਾਰਧਾਰਿਕ ਪਰਤਾਂ ਨੂੰ ਖੋਲ੍ਹ ਕੇ ਪਾਠਕ ਦੀ ਮਾਨਸਿਕਤਾ ਵਿੱਚ ਅਸਰਦਾਇਕ ਪ੍ਰਭਾਵ ਪਾਉਣਾ ਤਾਂ ਕਿ ਜਿੰਦਗੀ ਹੋਰ ਸਕੇ, ਇਸ ਦਾ ਜਨ ਹੁੰਦਾ ਹੈ।ਪੰਜਾਬੀ ਸਾਹਿਤ-ਨਿਬੰਧ ਸਿਰਜਣਾ ਭਾਵੇਂ ਕੁੱਝ ਹੋਰ ਸਾਹਿਤ-ਰੂਪਾਂ ਦੀ ਸਿਰਜਣਾ ਨਾਲ ਘੱਟ ਹੋਈ ਹੈ। ਪਰ ਸਾਡੇ ਕੋਲ ਕੁਝ ਮਿਆਰੀ ਨਿਬੰਧ-ਸਿਰਜਕ ਪਹਿਲਾਂ ਵੀ ਰਹੇ ਹਨ ਅਤੇ ਹੁਣ ਵੀ ਪੁਖ਼ਤਾ ਮਿਰਜਣਾ ਕਰ ਰਹੇ ਹਨ। ਇਸੇ ਪਰੰਪਰਾ ਦਾ ਸਿਲਸਿਲਾ ਜਾਰੀ ਹੈ। ਇਸ ਸਾਹਿਤ-ਵਿਧਾ ਨੂੰ ਹੋਰ ਪੁਖ਼ਤਾ ਕਰਨ-ਹਿਤ ਡਾ. ਜਗੀਰ ਸਿੰਘ ਨੂਰ ਆਪਣਾ ਵਿਸ਼ੇਸ਼ ਯੋਗਦਾਨ ਪਾ ਰਿਹਾ ਹੈ। ਇਸ ਕੋਲ ਸਿਧਾਂਤਕ ਸਰੂਪ ਵਾਲੀ ਪ੍ਰੋੜ੍ਹ, ਸੂਝ-ਬੂਝ ਤੇ ਪੇਸ਼ ਕਰਨ ਵਾਲੀਆਂ ਮੌਲਿਕ ਜੁਗਤਾਂ ਵੀ ਹਨ।

ਹਥਲੀ ਪੁਸਤਕ ਵਿੱਚ ਡਾ. ਨੂਰ ਨੇ ਸਮਾਜਿਕ, ਸੱਭਿਆਚਾਰਿਕਧਾਰਮਿਕ, ਨਿਰੋਲ ਸਾਹਿਤਕ, ਮਨੋਵਿਗਿਆਨਕ, ਦਾਰਸ਼ਨਿਕ ਅਤੇ ਅਜੋਕੇ ਸਮੇਂ ਦੇ ਗਿਆਨ-ਵਿਗਿਆਨ ਤੋਂ ਇਲਾਵਾ ਪ੍ਰਤੀ ਨਾਲ ਸੰਬੰਧਤ ਵਿਸ਼ਿਆਂ ਨੂੰ ਬਾ-ਖੂਬੀ ਨਵੀਨ ਪਛਾਣ ਦਾ ਕੇਂਦਰ ਬਿੰਦੂ ਬਣਾ ਕੇ ਮੂਰਤੀ ਮਾਨ ਕੀਤਾ ਹੈ। ਇਹ ਨਿਬੰਧ ਮਨੁੱਖ ਵਿੱਚ ਅਜਿਹੀ ਚੇਤਨਾ ਤੇ ਵਿਵੇਕ ਨੂੰ ਪੈਦਾ ਕਰਦੇ ਹਨ, ਜੋ ਮਨੁੱਖ ਨੂੰ ਹੀਣਤਾ, ਦਰਿੰਦਰ, ਡਰ ਆਦਿ ਤੋਂ ਬਾਹਰ ਕੱਢ ਕੇ ਚੜ੍ਹਦੀ ਕਲਾ 'ਚ ਜਿਉਣ ਵਾਲਾ ਮਾਰਗ ਦਰਸਾਉਂਦੇ ਹਨ। ਡਾ.ਨਰ ਦੀ ਧਾਰਨਾ ਹੈ ਕਿ ਮਨੁੱਖ-ਜਾਤੀ ਵਿੱਚ ਬਹੁਤ ਸਾਰੀ ਉਪਜਾਊ ਅਥਵਾ ਨਵੀਨ-ਸਿਰਜਣਾਤਮਿਕ ਊਰਜਾ ਹੈ ਜੋ ਇਸ ਨੂੰ ਹਰ ਤਰ੍ਹਾਂ ਦੀ ਮੁਸ਼ਕਲ ਵਿੱਚੋਂ ਕੱਢ ਕੇ ਜੀਵਨ ਮਾਰਗ ਨੂੰ ਰੁਸ਼ਨਾਅ ਸਕਦੀ ਹੈ। ਮਨੁੱਖ ਆਪਣੇ ਹੱਥਾਂ ਦੀ ਕਿਰਤ ਅਤੇ ਦਿਮਾਗੀ ਸੋਚ ਦੀ ਉੱਚ-ਦ੍ਰਿਸ਼ਟੀ ਜ਼ਰੀਏ ਉਚੇਰੀ ਇਨਸਾਨੀਅਤ ਦੀ ਸਿਰਜਣਾ ਕਰ ਸਕਦਾ ਹੈ।

ਡਾ. ਨੂਰ ਦੇ ਇਹ ਨਿਬੰਧ ਲਗਨ, ਮਿਹਨਤ, ਦ੍ਰਿੜਤਾ ਤੇ ਉਚੇਰੀ ਨੈਤਿਕਤਾ ਜਿਹੇ ਅਣਮੋਲ ਗੁਣਾਂ ਦੀ ਮਹਾਨਤਾ ਨੂੰ ਵੀ ਪ੍ਰਗਟਾਉਂਦੇ ਹਨ। ਨਿਬੰਧਕਾਰ ਦੇ ਨਿਬੰਧ ਬਗਾਨੇ ਸਹਾਰਿਆਂ ਤੋਂ ਮੁਕਤ ਹੋਣ ਦਾ ਮਾਰਗ ਵੀ ਦਰਸਾਉਂਦੇ ਹਨ। ਇਹ ਮਨੁੱਖੀ ਮਾਨਸਿਕਤਾ ਵਿੱਚੋਂ ਅਵਚੇਤਨ ਮਨ ਦੁਆਰਾ ਪਾਏ ਹੋਏ ਬਨਾਵਟੀ ਡਰ ਦੀ ਭਾਵਨਾ ਨੂੰ ਕੱਢ ਕੇ, ਚੌਥੀ ਆਸਥਾ ਵਿੱਚ ਰਹਿ ਕੇ ਸਹਿਜ-ਕਰਮਸ਼ੀਲਤਾ ’ਤੇ ਬਲ ਦੇਂਦੇ ਹਨ। ਮਨੁੱਖਤਾ ਨੂੰ ਸੱਚੇ-ਸੁੱਚੇ ਪਿਆਰ ਦੀ ਤਲਾਸ਼ ਕਰਕੇ ਇਸ ਨੂੰ ਅਪਨਾਉਣ ਦੀ ਸੋਝੀ ਵੀ ਕਰਵਾਉਂਦੇ ਹਨ। ਲੇਖਕ ਦਾ ਨਿਸ਼ਚਾ ਹੈ ਕਿ ਜੇਕਰ ਅਸੀਂ ਉਸਾਰੂ ਕਿਸਮ ਦਾ ਸਾਹਿਤ ਪੜ੍ਹੀਏ, ਅਗਲੇਰੀ ਪੀੜ੍ਹੀ ਨੂੰ ਵੀ ਪੜ੍ਹਾਈਏ, ਚੰਗੇ ਵਿਚਾਰਵਾਨਾਂ ਦੇ ਵਿਚਾਰ ਸੰਚਿਤ ਕਰੀਏ ਤਾਂ ਸਾਡਾ ਭਵਿੱਖ ਉਜਲਾ ਹੋ ਸਕਦਾ ਹੈ। ਇਸੇ ਪ੍ਰਸੰਗਤਾ ਵਿੱਚ ਲੇਖਕ ਨੇ ‘ਨਾਰੀ ਵਿੱਦਿਆ ਨੂੰ ਚਾਨਣ ਦਾ ਸਮਾ ਆਖਿਆ ਹੈ ਅਤੇ ਇਹ ਵੀ ਸਾਬਤ ਕੀਤਾ ਹੈ ਕਿ ਇਸ ਨਾਲ ਘਰ, ਸਮਾਜ ਤੇ ਦੇਸ਼ ਹਰ ਪੱਖੋਂ ਬੁਲੰਦੀਆਂ ਹਾਸਲ ਕਰ ਸਕਦਾ ਹੈ।

ਅਜੋਕੇ ਵਿਸ਼ਵੀਕਰਨ ਦੇ ਯੁੱਗ ਵਿੱਚ ਅਤੇ ਡਿਜੀਟਲ ਜੀਵਨ-ਸ਼ੈਲੀ ਦੇ ਅੰਤਰਗਤ ਮਨੁੱਖ ਆਪਣੇ ਪਾਕੀਜ਼ਾ ਰਿਸ਼ਤੇ ਨਾਤੇ ਕਿਉਂ ਭੁੱਲ ਰਿਹਾ ਹੈ ? ਡਾਇਸਾਪੋਰਾ ਕਿਉਂ ਹੈ ਆਦਿ ਪ੍ਰਸ਼ਨਾ / ਸਰੋਕਾਰਾਂ ਨੂੰ ਲੇਖਕ ਨੇ ਤਰਕ-ਸੰਗਤ ਜਾਵੀਏ ਜ਼ਰੀਏ ਖੋਲ੍ਹਿਆ ਹੈ। ਨਿਬੰਧਕਾਰ ਨੇ ਅਜੋਕੇ ਦੌਰ ਵਿੱਚ ਅਨੇਕਾਂ ਪੈਦਾ ਹੋ ਚੁੱਕੀਆਂ ਤੇ ਪੈਦਾ ਹੋਣ ਵਾਲੀਆਂ ਮਾਨਵੀ ਮਾਨਸਿਕ ਤੇ ਸਰੀਰਕ ਸਮੱਸਿਆਵਾਂ ਦਾ ਸਮਾਧਾਨ/ਤਰੀਕਾ ਵੀ ਦਰਸਾਇਆ ਹੈ। ਚੁਗਿਰਦੇ ਦੀ ਸਵੱਛਤਾ ਤੇ ਮਨ, ਤਨ ਦੀ ਸਿਹਤਯਾਬੀ ਲਈ ਵਾਤਾਵਰਣ ਚੰਗਾ ਬਣਾਉਣਾ ਵੀ ਦੱਸਿਆ ਹੈ। ਰੁੱਤਾਂ ਦੇ ਅੰਗ ਸੰਗ ਰਹਿ ਕੇ ਇਨ੍ਹਾਂ ਦੇ ਸੁਹਜ ਵਰਤਾਰੇ ਵਿੱਚੋਂ ਜ਼ਿੰਦਗੀ ਦਾ ਹੁਲਾਰਾ ਲੋਣ ’ਤੇ ਬਲ ਵੀ ਦਿੱਤਾ ਹੈ। ਗੱਲ ਕੀ, ਜਿੰਨੇ ਨਿਬੰਧ ਹਨ, ਉਤਨੇ ਹੀ ਨਵੇਂ-ਨਿਵੇਲੇ ਵਿਚਾਰ-ਯੁਕਤ ਸੰਕਲਪਾਂ ਦਾ ਪ੍ਰਗਟਾਵਾ ਹਨ। ‘ਉੱਤਮ-ਵਿਚਾਰ, ਉੱਤਮ-ਸਾਹਿਤ ਇਨ੍ਹਾਂ ਨਿਬੰਧਾਂ ਦੀ ਵਿਚਾਰਧਾਰਿਕ ਸਾਰਥਿਕਤਾ ਦਾ ਪ੍ਰਮਾਣ ਬਣ ਗਿਆ ਪ੍ਰਤੀਤ ਹੁੰਦਾ ਹੈ। ਲੇਖਕ ਦਾ ਸਿਰਜਣਾਤਮਕ ਪ੍ਰਯੋਜਨ ਇਹ ਹੈ ਕਿ ਮਨੁੱਖ, ਮਨੁੱਖ ਵਿੱਚੋਂ ਮਨਫ਼ੀ ਹੋ ਕੇ ਨਾ ਰਹਿ ਜਾਵੇ ਸਗੋਂ ਸਿਰ ਉੱਚਾ ਕਰਕੇ ਮਾਨਵੀ ਹਿੱਤਾਂ ਦੇ ਅੰਗ ਸੰਗ ਰਹੇ।

ਆਪਣੇ ਸਾਰੇ ਨਿਬੰਧਾਂ ਵਿਚਲੇ ਵਿਚਾਰਾਂ ਦੀ ਪੇਸ਼ਕਾਰੀ ਨੂੰ ਡਾ. ਨੂਰ ਨੇ ਸਰਲ, ਸਪਸ਼ਟ, ਰੋਚਕ ਤੇ ਠੇਠ ਮੁਹਾਵਰੇ ’ਚ ਪ੍ਰਗਟਾਇਆ ਹੈ। ਇਨ੍ਹਾਂ ਨਿਬੰਧਾਂ ਦੀ ਰਚਨਾਤਮਿਕ ਖ਼ੂਬੀ-ਸੁਭਾਵਿਕ ਪ੍ਰਗਟਾਏ ਗਏ ਉਹ ਵਾਕ ਵੀ ਹਨ ਜੋ ਸਕੱਲਪਾਤਮਕ ਪਰਿਭਾਸ਼ਾ ਅਤੇ ਅਟੱਲ ਸਚਾਈਆਂ ਦਾ ਰੂਪ ਧਾਰ ਗਏ ਜਾਪਦੇ ਹਨ। ?ਟ-ਪਟੇ ਉਹ ਵਿਚਾਰ ਜਿਨ੍ਹਾਂ ਦੀ ਸਾਰਥਿਕਤਾ ਥੋੜ੍ਹ-ਚਿਰੀ ਹੁੰਦੀ ਹੈ, ਅਜਿਹੇ ਵਿਚਾਰ ਇਸ ਬਣੇ ਸਮੇਂ ਨਿੱਜੀ ਤਜ਼ਰਬਿਆਂ ਦੇ ਗੂੜ੍ਹ ਮੰਥਨ ਤੋਂ ਬਾਅਦ ਹੀ ਇਹ ਲੇਖਕ ਸ਼ਬਦ ਸਿਰਜਦਾ ਹੈ। ਇਸੇ ਸਦਕਾ ਇਹ ਮਨੁੱਖੀ ਮਾਨਸਿਕਤਾ ਵਿੱਚ ਉਸਾਰੂ ਸੰਵਾਦ ਸਿਰਜਦਾ ਹੋਇਆ ਵੀ ਪ੍ਰਤੀਤ ਹੁੰਦਾ ਹੈ। ਅਜਿਹੇ ਗੁਣ ਇਸ ਦੀ ਸਾਰੀ ਰਚਨਾ ਦੀ ਸਿਰਜਣਾ ਵਿੱਚ ਸਦੀਵਤਾ ਭਰਦੇ ਹਨ। ਇਸ ਲੇਖਕ ਦੀ ਲਿਖਤ ਲੋਕ-ਮੁਹਾਵਰੇ, ਅਖਾਣਾਂ, ਲੋਕਸਿਆਣਪਾਂ ਤੇ ਨਵੇਂ ਸਿਰਜੇ ਗਏ ਸ਼ਬਦਾਂ ਵਾਲੀ ਹੈ। ਅਜਿਹੇ ਪ੍ਰਤਿਮਾਨਾਂ ਦੀ ਸਥਾਪਤੀ ਪਾਠਕ-ਵਰਗ ਦੇ ਮਨਾਂ ਵਿੱਚ ਘਰ ਕਰ ਜਾਂਦੀ ਹੈ । ਜਗੀਰ ਸਿੰਘ ਨੂਰ ਦੀ ਸਾਹਿਤਕ ਪ੍ਰਤਿਭਾ ਹੋਰ ਵੀ ਬਹੁਤ ਸਾਰੇ ਗੁਣਾਂ ਦੀ ਧਾਰਿਕ ਹੈ।ਇਹ ਪੂਰਨ ਸੁਹਿਰਦਤਾ ਤੇ ਦ੍ਰਿੜਤਾ ਨਾਲ ਆਪਣੀ ਮਾਤ-ਭਾਸ਼ਾ (ਪੰਜਾਬੀ) ਨਾਲ ਜੁੜ ਕੇ ਕਾਰਜਸ਼ੀਲ ਹੈ। ਇਸ ਦੀਆਂ ਰਚਨਾਵਾਂ ਯੂਨੀਵਰਸਿਟੀਆਂ ਤੇ ਸਕੂਲ ਬੋਰਡ ਦੇ ਪਾਠ-ਕ੍ਰਮ ਵਜੋਂ ਵੀ ਨਿਰਧਾਰਿਤ ਹਨ। ਜੋ ਅਗਲੇਰੀਆਂ ਪੀੜ੍ਹੀਆਂ ਵਾਸਤੇ ਸੇਧ-ਮੂਲਕ ਸਾਬਤ ਹੋ ਰਹੀਆਂ ਹਨ। ਇਹ ਪੁਸਤਕ ਵੀ ਅਜਿਹੇ ਸਾਹਿਤਕ ਗੁਣਾਂ ਨਾਲ ਓਤ-ਪੋਤ ਹੈ। ਭਵਿੱਖ ਵਿੱਚ ਇਸ ਲੇਖਕ ਤੋਂ ਅਜਿਹੀਆਂ ਹੋਰ ਵੀ ਲਿਖਤਾਂ ਦੀਆਂ ਆਸਾਂ ਹਨ ! ਸ਼ੁਭ-ਇੱਛਾਵਾਂ ਸਹਿਤ-

**ਡਾ. ਗੁਰਪ੍ਰੀਤ ਕੌਰ**
ਮੁਖੀ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ,
ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ,
ਸ੍ਰੀ ਅਨੰਦਪੁਰ ਸਾਹਿਬ।

ਨਿਬੰਧ

-0-

ਨਾਟਕ:

-0-
ਗ਼ਜ਼ਲ

-0-
ਕਵਿਤਾ-

ਕਪੂਰਥਲਾ-144601
ਫੋਨ: 84377-88856
-0-
ਕਵਿਤਾ-

-0-

-0-
ਕਵਿਤਾ-

**-0-**

ਕਵਿਤਾ-

-0-0
ਮਿੰਨੀ ਕਹਾਣੀ-

-o-
ਨਿਬੰਧ